SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public

- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 202** | **Monday, 04 November 2024** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

# ਹੁਣ ਹਿਲਜ਼ਵਿਊ ਇਲਾਕੇ ’ਚ ਵਾਜਬ ਕੀਮਤ ’ਤੇ ਖ਼ਰੀਦੋ 3 ਸਟੋਰੀ ਟਾਊਨਹਾਊਸ

## ਡੰਡਾਸ ’ਚ ਵੀ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਉਪਲੱਬਧ

ਬਰੈਂਪਟਨ, 3 ਨਵੰਬਰ (ਪੋਸਟ ਬਿਊਰੋ): ਮਿਸੀਸਾਗਾ ਅਤੇ ਬਰੈਂਪਟਨ ਦੇ ਬਾਰਡਰ ’ਤੇ ਹਿਲਜ਼ਵਿਊ ਇਲਾਕੇ ਵਿਚ ਨਵੇਂ 2004 ਸਕੇਅਰ ਫੁੱਟ ਦੇ 3 ਸਟੋਰੀ ਟਾਊਨਹਾਊਸ, ਜੋਕਿ ਮਾਰਚ, 2026 ਮੁਕੰਮਲ ਹੋਣੇ ਹਨ, ਉਲੱਬਧ ਹਨ। ਇਨ੍ਹਾਂ ਦੀ ਕੀਮਤ 8,79,900 ਡਾਲਰ ਤੋਂ ਸ਼ੁਰੂ ਹੁੰਦੀ ਹੈ। ਕਲੋਜ਼ਿੰਗ ਤੱਕ 10% ਡਾਊਨਪੇਮੈਂਟ ’ਤੇ ਮਿਲਣਗੇ। ਇਹ ਪ੍ਰਾਪਰਟੀ ਵਾਲਮਾਰਟ, ਡਾਊਨਟਾਊਨ ਬਰੈਂਪਟਨ ਅਤੇ ਕਈ ਪਾਰਕਾਂ ਦੇ ਨੇੜੇ ਹੈ।

ਇਸੇ ਤਰ੍ਹਾਂ ਮਿਸੀਸਾਗਾ ਵਿਚ ਨਵੀਂਆਂ ਬਣੀਆਂ/ਪ੍ਰੀ ਕੰਸਟ੍ਰਕਸ਼ਨ ਕਮਰਸ਼ੀਅਲ ਯੂਨਿਟਾਂ ਦੇ ਕਾਰਨਰ ’ਤੇ ਵਿਕਰੀ ਲਈ ਉਪਲੱਬਧ ਹਨ। ਇਨ੍ਹਾਂ ਯੂਨਿਟਾਂ ਵਿਚੋਂ 60% ਵਿਕ ਚੁੱਕੀਆਂ ਹਨ ਤੇ 900-2200 ਸਕੇਅਰ ਫੁੱਟ ਜਗ੍ਹਾ ਬਚੀ ਹੈ। ਇਨ੍ਹਾਂ ਦੀ ਕੀਮਤ ਕਰੀਬ 1050 ਡਾਲਰ ਪ੍ਰਤੀ ਸਕੇਅਰ ਫੁੱਟ ਹੈ। ਵਧੇਰੇ ਜਾਣਕਾਰੀ ਲਈ ਫੁਸ਼ (Fush)- 647-871-1433 ਅਤੇ ਜੈਸਮੀਨ- 647-878-1433 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Completion in March 2026
10 % Down until Closing | Assignment Available
Close to many Amenities
(Longos,Fortinos,Homedepot, Wal-Mart)
Downtown Brampton & Several parks!



ਜਿਆਦਾ ਜਾਣਕਾਰੀ ਲਈ, ਕਾਲ ਕਰੋ -
Fush at 647.871.1433 | Jasmine at 647.878.1433

## ਅ ਅੱਜ ਨਾਮਾ >>

ਗਿੱਦੜਬਾਹੇ ਦੀ ਡਾਢੀ ਆ ਚੋਣ ਮਹਿਫਲ,
ਹਰ ਇੱਕ ਆਗੂ ਨੇ ਵਰਤਣਾ ਵਾਰ ਬੇਲੀ।
ਵੋਟਾਂ ਪੈਣ ਲਈ ਸਮਾਂ ਨਹੀਂ ਬਹੁਤ ਬਾਕੀ,
ਹੋਇਆ ਏ ਤੇਜ਼ ਕੁਝ ਚੋਣ ਪ੍ਰਚਾਰ ਬੇਲੀ।
ਟਿਕੀ ਟੇਕ ਨਹੀਂ ਸਿਰਫ ਹੈ ਵਰਕਰਾਂ’ਤੇ,
ਸਾਰਾ ਈ ਦਿੱਤਾ ਹੈ ਝੋਕ ਪਰਵਾਰ ਬੇਲੀ।
ਦਿੱਲੀ, ਦੱਖਣ ਦੇ ਤੀਕ ਸੀ ਕਿਤੇ ਰਹਿੰਦੇ,
ਸਭ ਨੇ ਸੱਦ ਲਏ ਮਿੱਤਰ ਤੇ ਯਾਰ ਬੇਲੀ।
ਵਿਚਾਲੇ ਤਿੰਨਾਂ ਦੇ ਪਈ ਸਭ ਜੰਗ ਮਘਦੀ,
ਕੋਈ ਨਹੀਂ ਦਿੱਸਦਾ ਕਿਸੇ ਤੋਂ ਘੱਟ ਬੇਲੀ।
ਫਸਵੀਂ ਟੱਕਰ ਦੀ ਗੱਲ ਹਨ ਲੋਕ ਕਹਿੰਦੇ,
ਪਤਾ ਨਹੀਂ ਕੌਣ ਦੇਊ ਕੀਹਨੂੰਕੱਟ ਬੇਲੀ।

**ਤੀਸ ਮਾਰ ਖਾਂ**

## ਮਾਂਟਰੀਅਲ ਵਿੱਚ ਛੇ ਕਾਰਾਂ ’ਚ ਲੱਗੀ ਅੱਗ, ਪੁਲਿਸ ਕਰ ਰਹੀ ਜਾਂਚ



ਮਾਂਟਰੀਅਲ, 3 ਨਵੰਬਰ (ਪੋਸਟ ਬਿਊਰੋ): ਮਾਊਂਟ ਰਾਇਲ ਸ਼ਹਿਰ ਵਿੱਚ ਰਾਤ ਨੂੰ ਕਈ ਵਾਹਨਾਂ ਵਿੱਚ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਮਾਂਟਰੀਅਲ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਵੇਰੇ 5:30 ਵਜੇ 911 ’ਤੇ ਕਾਲ ਆਈ ਜਿਸ ਵਿੱਚ ਦੱਸਿਆ ਗਿਆ ਕਿ ਪੇਰੇ ਸਟਰੀਟ ਅਤੇ ਡੇਵੋਨਸ਼ਾਇਰ ਰੋਡ ਦੇ ਚੁਰਾਸਤੇ ਕੋਲ ਇੱਕ ਪਾਰਕਿੰਗ ਵਿੱਚ ਕਈ ਕਾਰਾਂ ਵਿੱਚ ਅੱਗ ਲੱਗ ਗਈ ਹੈ। ਫਾਇਰ ਬ੍ਰਿਗੇਡ ਵਿਭਾਗ ਨੂੰ ਵੀ ਬੁਲ-ਾਇਆ ਗਿਆ ਅਤੇ ਅੱਗ ਬੁਝਾਈ ਗਈ। ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਅੱਗ ਵਿੱਚ ਛੇ ਵਾਹਨ ਨਸ਼ਟ ਹੋ ਗਏ ਅਤੇ ਇੱਕ ਹੋਰ ਨੂੰ ਨੁਕਸਾਨ ਪਹੁੰਚਿਆ।

ਪੁਲਿਸ ਦਾ ਮੰਨਣਾ ਹੈ ਕਿ ਅੱਗ ਜਾਣਬੁੱਝਕੇ ਲਗਾਈ ਗਈ ਸੀ ਅਤੇ ਉਹ ਸੰਭਾਵਿਕ ਸ਼ੱਕੀ ਦਾ ਪਤਾ ਲਗਾਉਣ ਲਈ ਇਲਾਕੇ ਦੀਆਂ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

# ਅਗਸਤ ਵਿੱਚ ਬਰੈਂਪਟਨ ਵਿੱਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਦੋ ਹੋਰ ਲੋਕਾਂ ’ਤੇ ਲੱਗੇ ਚਾਰਜਿਜ਼



ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ): ਅਗਸਤ ਵਿੱਚ ਬਰੈਂਪਟਨ ਵਿੱਚ ਹੋਈ ਭਿਆਨਕ ਗੋਲੀਬਾਰੀ ਦੇ ਸਿਲਸਿਲੇ ਵਿੱਚ ਪੁਲਿਸ ਨੇ ਦੋ ਹੋਰ ਲੋਕਾਂ ’ਤੇ ਚਾਰਜਿਜ਼ ਲਗਾਏ ਹਨ।

30 ਅਗਸਤ ਨੂੰ ਸ਼ੱਕੀ ਵਾਹਨ ਲਈ ਪੀਲ ਰੀਜਨਲ ਪੁਲਿਸ ਨੂੰ ਮਿਲਸਟੋਨ ਡਰਾਈਵ ਅਤੇ ਸੇਂਟ ਟਰੋਪੇਜ ਕੋਰਟ ਵਿੱਚ ਇੱਕ ਘਰ ’ਤੇ ਸਵੇਰੇ 1 ਵਜੇ ਤੋਂ ਕੁੱਝ ਪਹਿਲਾਂ ਬੁਲਾਇਆ ਗਿਆ ਸੀ।

ਜਦੋਂ ਉਹ ਪਹੁੰਚੇ ਤਾਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਮਿਲਿਆ ਜਿਸਨੂੰ ਵਾਹਨ ਦੇ ਅੰਦਰ ਗੋਲੀ ਲੱਗੀ ਸੀ। ਬਾਅਦ ਵਿੱਚ ਉਸਨੂੰ ਘਟਨਾ ਸਥਾਨ ’ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਪਰਿਵਾਰ ਦੀ ਬੇਨਤੀ ’ਤੇ ਪੀੜਤ ਦੀ ਪਹਿਚਾਣ ਜਾਰੀ ਨਹੀਂ ਕੀਤੀ ਜਾ ਰਹੀ ਹੈ।

ਸਤੰਬਰ ਵਿੱਚ, ਪੁਲਿਸ ਨੇ 23 ਸਾਲਾ ਪਰਮਵੀਰ ਸਿੰਘ ’ਤੇ ਫ੍ਰਸਟ ਡਿਗਰੀ ਕਤਲ ਦਾ ਚਾਰਜਿਜ਼ ਲਗਾਇਆ।

ਸ਼ਨੀਵਾਰ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿੱਚ, ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਗੋਲੀਬਾਰੀ ਦੇ ਸਿਲਸਿਲੇ ਵਿੱਚ ਦੋ ਹੋਰ ਲੋਕਾਂ ’ਤੇ ਚਾਰਜਿਜ਼ ਲਗਾਏ ਹਨ।

ਪੁਲਿਸ ਨੇ ਬਰੈਂਪਟਨ ਦੇ 21 ਸਾਲਾ ਮਨਵੀਰ ਖਾਬਰਾ ਅਤੇ 18 ਸਾਲਾ ਇੱਕ ਲੜਕੇ ’ਤੇ ਕਤਲ ਦਾ ਚਾਰਜਿਜ਼ ਲਗਾਇਆ। ਅਧਿਕਾਰੀਆਂ ਨੇ ਕਿਹਾ ਕਿ ਹਾਲਾਂਕਿ ਘਟਨਾ ਦੇ ਸਮੇਂ 18 ਸਾਲਾ ਲੜਕੇ ਦੀ ਪਹਿਚਾਣ ਯੁਵਾ ਆਪਰਾਧਿਕ ਨਿਆਂ ਐਕਟ ਤਹਿਤ ਸੁਰੱਖਿਅਤ ਹੈ। ਇਸ ਮਾਮਲੇ ਨਾਲ ਸੰਬੰਧਤ ਇੱਕ ਵੀਡੀਓ ਵੀ ਸਾਹਮਣੇ ਆਈ ਹੈ ਜੋ ਪੀੜਤ ਦੇ ਕਤਲ ਤੋਂ ਪਹਿਲਾਂ ਦੇ ਪਲਾਂ ਨੂੰ ਦਿਖਾਂਉਂਦੀ ਹੈ।

## ਅੰਮ੍ਰਿਤਸਰ ਦੇਸ਼ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ : ਏਕਿਊਆਈ 368 ਕੀਤਾ ਗਿਆ ਦਰਜ

ਅੰਮ੍ਰਿਤਸਰ, 3 ਨਵੰਬਰ (ਪੋਸਟ ਬਿਊਰੋ): ਪੰਜਾਬ ਦਾ ਅੰਮ੍ਰਿਤਸਰ ਦੇਸ਼ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣ ਗਿਆ ਹੈ। ਇੱਥੇ ਏਅਰ ਕੁਆਲਿਟੀ ਇੰਡੈਕਸ 368 ਦਰਜ ਕੀਤਾ ਗਿਆ, ਜੋ ਦਿੱਲੀ ਦੇ 316 ਤੋਂ 58 ਪੁਆਇੰਟ ਜ਼ਿਆਦਾ ਹੈ। ਇਸ ਦੇ ਨਾਲ ਹੀ ਇਸ ਸੂਚੀ ਵਿੱਚ ਦੂਜਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਲੁਧਿਆਣਾ ਹੈ, ਜਿੱਥੇ 339 ਦਰਜ ਕੀਤਾ ਗਿਆ ਹੈ। ਜਦਕਿ ਚੰਡੀਗੜ੍ਹ ਦਾ ਏਕਿਊਆਈ ਵੀ ਬਹੁਤ ਖਰਾਬ ਹਾਲਤ 'ਚ ਹੈ। ਜਿੱਥੇ ਇਹ 277 ਤੱਕ ਪਹੁੰਚ ਗਿਆ ਹੈ।

# 37 ਸਾਲਾ ਮੋਟਰਸਾਈਕਲ ਸਵਾਰ ਦੀ ਸੜਕ ਹਾਦਸੇ ਵਿੱਚ ਮੌਤ



ਬੈਰੀ, 3 ਨਵੰਬਰ (ਪੋਸਟ ਬਿਊਰੋ): ਓਪੀਪੀ (OPP) ਸ਼ਨੀਵਾਰ ਨੂੰ ਮਿਡਲੈਂਡ ਵਿੱਚ ਇੱਕ ਮੋਟਰਸਾਈਕਲ ਦੁਰਘਟਨਾ ਦੀ ਜਾਂਚ ਕਰ ਰਿਹਾ ਹੈ, ਜਿਸ ਵਿਚ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ ਸੀ।

ਪੁਲਿਸ ਅਨੁਸਾਰ ਇਹ ਘਟਨਾ ਸ਼ਨੀਵਾਰ ਨੂੰ ਸ਼ਾਮ ਕਰੀਬ 4:30 ਵਜੇ ਵਿਲੀਅਮ ਸਟਰੀਟ ’ਤੇ ਹੋਈ। ਸਿਮਕੋ ਕਾਊਂਟੀ ਪੈਰਾਮੇਡਿਕਸ ਅਤੇ ਦੱਖਣ ਜਾਰਜਿਆਈ ਖਾੜੀ ਦੇ ਅਧਿਕਾਰੀ ਘਟਨਾ ਸਥਾਨ ’ਤੇ ਪਹੁੰਚੇ। ਪੁਲਿਸ ਦਾ ਕਹਿਣਾ ਹੈ ਕਿ ਮਿਡਲੈਂਡ ਦੇ 37 ਸਾਲਾ ਮੋਟਰਸਾਈਕਲ ਚਾਲਕ ਨੂੰ ਘਟਨਾ ਸਥਲ ’ਤੇ ਹੀ ਮੁੱਢਲਾ ਇਲਾਜ ਦਿੱਤਾ ਗਿਆ ਅਤੇ ਫਿਰ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਵਿਲੀਅਮ ਸਟਰੀਟ ਨੂੰ ਗਲੂਸੇਸਟਰ ਸਟਰੀਟ ਅਤੇ ਬੇਵਿਊ ਡਰਾਈਵ ਦੇ ਆਸਪਾਸ ਬੰਦ ਕਰ ਦਿੱਤਾ ਗਿਆ ਸੀ ਤਾਂਕਿ ਘਟਨਾ ਸਥਾਨ ਤੋਂ ਮਲਬਾ ਹਟਾਇਆ ਜਾ ਸਕੇ। ਓਪੀਪੀ ਦੀ ਤਕਨੀਕੀ ਆਵਾਜਾਈ ਜਾਂਚ ਇਕਾਈ ਰਫ਼ਤਾਰ, ਹੇਲਮੈਟ ਦੀ ਵਰਤੋਂ ਅਤੇ ਮੋਟਰਸਾਈਕਲ ਸਵਾਰ ਦੀ ਸਥਿਤੀ ਬਾਰੇ ਉਨ੍ਹਾਂ ਕਾਰਨਾਂ ਦੀ ਜਾਂਚ ਕਰ ਰਹੀ ਹੈ ਜੋ ਹਾਦਸੇ ਦਾ ਕਾਰਨ ਹੋ ਸਕਦੇ ਹਨ।

# ਵਿੰਨੀਪੇਗ ਸ਼ਹਿਰ ਦੇ ਡਾਊਨਟਾਊਨ ਵਿੱਚ ਅਪਾਰਟਮੇਂਟ ’ਚ ਲੱਗੀ ਅੱਗ, 3 ਲੋਕ ਹਸਪਤਾਲ ’ਚ ਦਾਖਲ



ਵਿੰਨੀਪੇਗ, 3 ਨਵੰਬਰ (ਪਸਟ ਬਿਊਰੋ): ਸ਼ਹਿਰ ਦੇ ਡਾਊਨਟਾਊਨ ਵਿੱਚ ਇੱਕ ਅਪਾਰਟਮੈਂਟ ਵਿੱਚ ਅੱਗ ਲੱਗਣ ਤੋਂ ਬਾਅਦ ਸ਼ੁੱਕਰਵਾਰ ਸ਼ਾਮ ਤਿੰਨ ਲੋਕਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।


ਸ਼ਾਮ 6:50 ਵਜੇ ਦੇ ਆਸਪਾਸ ਵਾਨ ਸਟਰੀਟ ਦੇ 200 ਬਲਾਕ ਵਿੱਚ ਚਾਰ ਮੰਜ਼ਿਲਾ ਅਪਾਰਟਮੈਂਟ ਬਿਲਡਿੰਗ ਵਿੱਚ ਅੱਗ ਲੱਗਣ ਦੀ ਸੂਚਨਾ ’ਤੇ ਵਿੰਨੀਪੇਗ ਫਾਇਰ ਪੈਰਾਮੇਡਿਕ ਸਰਵਿਸ ਦੇ ਕਰਮਚਾਰੀਆਂ ਨੂੰ ਬੁਲਾਇਆ ਗਿਆ।

ਇਮਾਰਤ ਵਿਚੋਂ ਧੂੰਆਂ ਨਿਕਲਦਾ ਵੇਖ ਫਾਇਰਕਰਮੀ ਉੱਥੇ ਪਹੁੰਚੇ। ਉਨ੍ਹਾਂ ਨੇ ਅੰਦਰ ਫਸੇ ਲੋਕਾਂ ਨੂੰ ਬਾਹਰ ਕੱਢਣ ਵਿੱਚ ਮਦਦ ਕੀਤੀ, ਜਦੋਂਕਿ ਹੋਰ ਲੋਕ ਖੁਦ ਹੀ ਬਾਹਰ ਨਿਕਲਣ ਵਿੱਚ ਸਫਲ ਰਹੇ।

ਕਰਮਚਾਰੀਆਂ ਨੇ ਅੰਦਰੋਂ ਅੱਗ ਬੁਝਾਈ ਅਤੇ ਸ਼ਾਮ 7:16 ਵਜੇ ਇਸ ’ਤੇ ਕਾਬੂ ਪਾ ਲਿਆ। ਤਿੰਨਾਂ ਲੋਕਾਂ ਨੂੰ ਹਸਪਤਾ ਲਿਜਾਇਆ ਗਿਆ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

## ਨਾਰਥ ਯਾਰਕ ਵਿੱਚ ਪੁਲਿਸ ਦੀ ਗੱਡੀ ਨਾਲ ਕਾਰ ਦੀ ਟੱਕਰ, ਦੋ ਪੁਲਸਕਰਮੀ ਜ਼ਖਮੀ



ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ): ਸ਼ਨੀਵਾਰ ਰਾਤ ਨਾਰਥ ਯਾਰਕ ਵਿੱਚ ਟੱਕਰ ਲੱਗਣ ਤੋਂ ਬਾਅਦ ਦੋ ਪੁਲਿਸ ਅਧਿਕਾਰੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਦਾ ਕਹਿਣਾ ਹੈ ਕਿ ਅਧਿਕਾਰੀ ਰਾਤ ਕਰੀਬ 8:15 ਵਜੇ ਹਾਈਵੇ 404 ਅਤੇ ਸ਼ੇਪਰਡ ਏਵੇਨਿਊ ਕੋਲ ਇੱਕ ਕਰੂਜਰ ਵਿੱਚ ਜਾ ਰਹੇ ਸਨ, ਉਦੋਂ ਟੱਕਰ ਹੋ ਗਈ।

ਇੱਕ ਅਧਿਕਾਰੀ ਨੂੰ ਮਾਮੂਲੀ ਸੱਟ ਕਾਰਨ ਹਸਪਤਾਲ ਲਿਜਾਇਆ ਗਿਆ, ਜਦੋਂਕਿ ਦੂਜੇ ਨੂੰ ਸਾਵਧਾਨੀ ਦੇ ਤੌਰ ’ਤੇ ਲਿਜਾਇਆ ਗਿਆ ।

ਦੂਜੇ ਵਾਹਨ ਦੇ ਚਾਲਕ ਨੂੰ ਵੀ ਮਾਮੂਲੀ ਸੱਟ ਦੇ ਚਲਦੇ ਹਸਪਤਾਲ ਲਿਜਾਇਆ ਗਿਆ। ਘਟਨਾ ਸਥਾਨ ’ਤੇ ਇੱਕ ਸਫੇਦ ਕਾਰ ਵਿਖਾਈ ਦੇ ਰਹੀ ਹੈ, ਜਿਸਦਾ ਅੱਗੇ ਦਾ ਹਿੱਸਾ ਕਾਫ਼ੀ ਨੁਕਸਾਨਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਮਿਸੀਸਾਗਾ ਵਿੱਚ ਛੁਰੇਬਾਜ਼ੀ ਦੀ ਘਟਨਾ ’ਚ ਇੱਕ ਵਿਅਕਤੀ ਗੰਭੀਰ ਜ਼ਖ਼ਮੀ



ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ): ਪੈਰਾਮੇਡਿਕਸ ਦਾ ਨੇ ਦੱਸਿਆ ਕਿ ਮਿਸੀਸਾਗਾ ਵਿੱਚ ਛੁਰੇਬਾਜ਼ੀ ਦੀ ਘਟਨਾ ’ਚ ਇੱਕ ਵਿਅਕਤੀ ਦੀ ਹਾਲਤ ਗੰਭੀਰ ਹੈ।

ਪੀਲ ਖੇਤਰੀ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਨੀਵਾਰ ਨੂੰ ਸਵੇਰੇ 3 ਵਜੇ ਤੋਂ ਬਾਅਦ ਡੇਰੀ ਰੋਡ ਈਸਟ ਅਤੇ ਗੋਰਵੇ ਡਰਾਈਵ ਦੇ ਇਲਾਕੇ ਵਿੱਚ ਬੁਲਾਇਆ ਗਿਆ ਸੀ।

ਪੈਰਾਮੇਡਿਕਸ ਨੇ ਦੱਸਿਆ ਕਿ ਉਹ ਇੱਕ ਬਾਲਗ ਨੂੰ ਟਰਾਮਾ ਸੈਂਟਰ ਲੈ ਕੇ ਆਏ ਸਨ। ਪੁਲਿਸ ਨੇ ਸ਼ੱਕੀਆਂ ਜਾਂ ਛੁਰੇਬਾਜ਼ੀ ਦੀ ਘਟਨਾ ਦੇ ਆਸਪਾਸ ਦੀ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ


Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ
647-784-1213
www.aaalandscaping.ca


ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਇਤਿਹਾਸ ਦੱਸਦੈ ਅਕਾਲੀ ਦਲ ਦਾ ਪਾਟਕ ਪੰਜਾਬ ਉੱਤੇ ਕੀ ਅਸਰ ਪਾ ਸਕਦੈ!

ਜਤਿੰਦਰ ਪਨੂੰ ਦੀ ਕਲਮ ਤੋਂ



ਪਹਿਲਾਂ ਅਕਾਲੀ ਦਲ ਦੇ ਬਹੁਤ ਸਾਰੇ ਲੀਡਰਾਂ ਵੱਲੋਂ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਅਕਾਲ ਤਖਤ ਸਾਹਿਬ ਨੂੰ ਦਿੱਤੀ ਗਈ ਸ਼ਿਕਾਇਤਅਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਸਮੇਂ ਹੁੰਦੀ ਰਹੀ ਖਿੱਚੋਤਾਣ ਅਤੇ ਚੋਣ ਦੇ ਨਤੀਜੇ ਨੇ ਪੰਜਾਬ ਦੇ ਲੋਕਾਂ ਦਾ ਚੋਖਾ ਸਮਾਂ ਜ਼ਾਇਆ ਕਰ ਦਿੱਤਾ ਹੈ। ਜਦੋਂ ਇਹ ਪ੍ਰਕਿਰਿਆ ਸਿਰੇ ਵੀ ਚੜ੍ਹ ਗਈ ਤਾਂ ਓਥੇ ਪਾਸ ਕੀਤੇ ਗਏ ਇੱਕ ਹੋਰ ਮਤੇ ਨਾਲ ਨਵੀਂ ਬਹਿਸ ਛਿੜ ਪਈ ਹੈ ਕਿ ਸ੍ਰੀ ਅਕਾਲ ਤਖਤ ਵਿਖੇ ਪਹੁੰਚਦੇ ਕੇਸਾਂ ਦੇ ਸਰਲੀਕਰਨ ਵਾਸਤੇ ਇੱਕ ਕਮੇਟੀ ਬਣਾ ਦਿੱਤੀ ਜਾਵੇਗੀ। ਇਸ ਨੂੰ ਕੁਝ ਲੋਕਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਅੱਗੇ ਰੇਖਾ ਖਿੱਚਣ ਦਾ ਕਦਮ ਕਿਹਾ ਹੈ, ਜਿਸ ਕਾਰਨ ਲੋਕ ਸਿੱਧੇ ਓਥੇ ਨਹੀਂ ਜਾ ਸਕਣਗੇ ਤੇ ਇਸ ਕਮੇਟੀ ਵਾਲਿਆਂ ਦੀ ਘੋਖ-ਪੜਤਾਲ ਪਿੱਛੋਂ ਜਥੇਦਾਰ ਸਾਹਿਬ ਤੱਕ ਕੋਲ ਕੋਈ ਕੇਸ ਜਾਣ ਦੇਣ ਜਾਂ ਰੋਕ ਲੈਣ ਦਾ ਫੈਸਲਾ ਹੋਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਸੋਚ ਦਾ ਖੰਡਨ ਕੀਤਾ ਤੇ ਵਿਆਖਿਆ ਕੀਤੀ ਹੈ ਕਿ ਏਹੋ ਜਿਹੀ ਗੱਲ ਨਹੀਂ, ਅਸਲ ਵਿੱਚ ਇਹ ਕਮੇਟੀ ਜਥੇਦਾਰ ਸਾਹਿਬ ਦੀ ਮਦਦ ਲਈ ਬਣਾਈ ਜਾਣੀ ਹੈ। ਏਦਾਂ ਦੇ ਬਹੁਤ ਸਾਰੇ ਮੁੱਦੇ ਉੱਠ ਰਹੇ ਹਨ, ਜਿਨ੍ਹਾਂ ਵਿੱਚ ਅਸੀਂ ਨਹੀਂ ਜਾਣਾ ਚਾਹੁੰਦੇ, ਪਰ ਇੱਕ ਗੱਲ ਸਾਫ ਹੈ ਕਿ ਮਾਮਲਾ ਭਾਵੇਂ ਅਕਾਲੀ ਦਲ ਦੀ ਆਪਸੀ ਖਿੱਚੋਤਾਣ ਦਾ ਹੈ, ਪ੍ਰਭਾਵ ਇਸ ਨੇ ਪੰਜਾਬ ਉੱਤੇ ਵੀ ਪਾਉਣਾ ਹੈ। ਪੰਜਾਬ ਦੇ ਬਹੁਤੇ ਲੋਕਾਂ ਨੂੰ ਇਹ ਗੱਲ ਯਾਦ ਨਹੀਂ ਹੋਣੀ ਕਿ ਅਹੁਦਿਆਂ ਤੇ ਸੀਟਾਂ ਲਈ ਅਕਾਲੀ ਆਗੂਆਂ ਦੀ ਖਿੱਚੋਤਾਣ ਜਦੋਂ ਕਦੇ ਵੀ ਹੋਈ ਤ ਾਂ ਅੰਤ ਵਿੱਚ ਉਸ ਨਾਲ ਸਭ ਤੋਂ ਵੱਧ ਪ੍ਰਭਾਵ ਪੰਜਾਬ ਤੇ ਪੰਜਾਬੀਆਂ ਉੱਤੇ ਹੀ ਪੈਂਦਾ ਰਿਹਾ ਹੈ।

ਮੁੱਛ ਫੁੱਟਣ ਤੋਂ ਪਹਿਲਾਂ ਸਕੂਲ ਪੜ੍ਹਦੇ ਵਕਤ ਮਾਪਿਆਂ ਅਤੇ ਅਧਿਆਪਕਾਂ ਤੋਂ ਚੋਰੀ ਜਾ ਕੇ ਸਿਆਸੀ ਆਗੂਆਂ ਦੇ ਭਾਸ਼ਣ ਸੁਣਨ ਤੋਂ ਲੈ ਕੇ ਅੱਜ ਤੱਕ ਸਾਢੇ ਪੰਜ ਦਹਾਕਿਆਂ ਵਿੱਚ ਅਸਾਂ ਵੇਖਿਆ ਕਿ ਅਕਾਲੀ ਦਲ ਤੋਂ ਨਿਕਲੀ ਲੀਡਰਾਂ ਦੀ ਢਾਣੀ ਕਿੱਦਾਂ ਦੇ ਰੰਗ ਬਦਲਦੀ ਰਹੀ ਹੈ, ਪਰ ਪਹੁੰਚ ਦਾ ਪੈਂਤੜਾ ਉਨ੍ਹਾਂ ਤੋਂ ਵੱਖ ਨਹੀਂ ਸੀ ਹੁੰਦਾ। ਪੰਜਾਬ ਦੀ ਵਾਗ ਜਿਸ ਵੀ ਆਗੂ ਨੇ ਸੰਭਾਲੀ, ਜੇ ਉਹ ਅਕਾਲੀ ਰਾਜਨੀਤੀ ਵਿੱਚੋਂ ਆਇਆ ਹੋਵੇ, ਮੁੱਖ ਮੰਤਰੀ ਬਣਦੇ ਰਹੇ ਸੱਜਣਾਂ ਵਿੱਚੋਂ ਬਹੁਤੇ ਕਾਂਗਰਸੀ ਆਗੂ ਆਏ ਵੀ ਅਕਾਲੀਆਂ ਵਿੱਚੋਂ ਸਨ, ਉਹ ਸਦਾ ਆਪਣੀ ਪਾਰਟੀ ਤੋਂ ਵੱਧ ਅਕਾਲੀਆਂ ਵੱਲ ਵੇਖ ਕੇ ਪੈਂਤੜੇ ਤੈਅ ਕਰਦੇ ਰਹੇ ਅਤੇ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਰਿਹਾ ਹੈ। ਉਨ੍ਹਾਂ ਨੂੰ ਇਹ ਲੱਗਦਾ ਰਿਹਾ ਕਿ ਉਨ੍ਹਾ ਲਈ ਸਿੱਖਾਂ ਵਿੱਚ ਜੜ੍ਹਾਂ ਜਮਾਈ ਰੱਖਣ ਵਾਸਤੇ ਅਕਾਲੀ ਦਲ ਨਾਲ ਆਢਾ ਲਾਈ ਰੱਖਣਾ ਜ਼ਰੂਰੀ ਹੈ ਤੇ ਇਸ ਆਢੇ ਵਿੱਚੋਂ ਕਈ ਹੋਰ ਸਮੱਸਿਆਵਾਂ ਉੱਗਦੀਆਂ ਰਹੀਆਂ। ਤਿਕੜਮਾਂ ਦਾ ਇਹ ਇਤਿਹਾਸ ਪ੍ਰਤਾਪ ਸਿੰਘ ਕੈਰੋਂ ਤੋਂ ਸ਼ੁਰੂ ਹੁੰਦਾ ਹੈ।

ਆਜ਼ਾਦੀ ਪਿੱਛੋਂ ਦੇ ਪੰਜਾਬ ਵਿੱਚ ਪਹਿਲਾ ਸਭ ਤੋਂ ਵੱਡਾ ਲੀਡਰਬਲਦੇਵ ਸਿੰਘ ਤੇ ਦੂਸਰਾ ਸਵਰਨ ਸਿੰਘ ਮੰਨਣ ਵਿੱਚ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਬਲਦੇਵ ਸਿੰਘ ਨੂੰ ਅੰਗਰੇਜ਼ਾਂ ਵੱਲੋਂ ਕਰਵਾਈ ਗੋਲਮੇਜ਼ ਕਾਨਫਰੰਸ ਵਿੱਚ ਸਿੱਖ ਪ੍ਰਤੀਨਿਧ ਵਜੋਂ ਸ਼ਾਮਲ ਹੋਣ ਦਾ ਮੌਕਾ ਮਿਲਿਆ ਸੀ। ਫਿਰ 1936 ਵਿੱਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਵਿੱਚ ਪਹਿਲੀ ਵਾਰ ਅਸੈਂਬਲੀ (ਵਿਧਾਨ ਸਭਾ) ਬਣਾਈ ਤਾਂ ਉਸ ਦੀ ਪਹਿਲੀ ਚੋਣ ਦੌਰਾਨ ਅੰਬਾਲਾ ਸਿੱਖ ਹਲਕੇ ਤੋਂ ਅਕਾਲੀ ਦਲ ਵੱਲੋਂ ਚੋਣ ਲੜੀ ਅਤੇ ਜਿੱਤੀ। ਆਜ਼ਾਦੀ ਮਿਲਣ ਪਿੱਛੋਂ ਉਹ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਭਾਰਤ ਦੇ ਰੱਖਿਆ ਮੰਤਰੀ ਵੀ ਰਹੇ ਤੇ 1952 ਵਿੱਚ ਨਵਾਂ ਸ਼ਹਿਰ ਹਲਕੇ ਤੋਂ ਅਤੇ 1957 ਵਿੱਚ ਹੁਸ਼ਿਆਰਪੁਰ ਤੋਂ ਲੋਕ ਸਭਾ ਦੀ ਚੋਣ ਕਾਂਗਰਸ ਟਿਕਟ ਉੱਤੇ ਲੜ ਕੇ ਜਿੱਤੀ ਸੀ। ਸਵਰਨ ਸਿੰਘ ਨੇ ਅੰਗਰੇਜ਼ਾਂ ਦੇ ਵਕਤ 1946 ਵਿੱਚ ਵਿਧਾਨ ਸਭਾ ਚੋਣ ਜਲੰਧਰ ਪੱਛਮੀ ਸਿੱਖ ਹਲਕੇ ਤੋਂ ਅਕਾਲੀ ਦਲ ਵੱਲੋਂ ਲੜੀ ਅਤੇ ਜਿੱਤੀ ਅਤੇ 1954 ਮਗਰੋਂ ਦੀਆਂ ਚੋਣਾਂ ਦੌਰਾਨ ਉਹ ਕਾਂਗਰਸ ਵੱਲੋਂ ਲੜਦੇ-ਜਿੱਤਦੇਅਤੇ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਦੇ ਰਹੇ ਸਨ। ਪ੍ਰਤਾਪ ਸਿੰਘ ਕੈਰੋਂ ਨੇ 1936 ਵਿੱਚ ਅੰਮ੍ਰਿਤਸਰ ਦੱਖਣੀ ਪੇਂਡੂ ਸਿੱਖ ਹਲਕੇ ਤੋਂ ਪਹਿਲੀ ਚੋਣ ਅਕਾਲੀ ਦਲ ਵੱਲੋਂ ਲੜੀ ਅਤੇ ਜਿੱਤੀ ਅਤੇ 1946 ਤੋਂ ਪਿੱਛੋਂ ਦੀਆਂ ਸਾਰੀਆਂ ਚੋਣਾਂ ਕਾਂਗਰਸ ਵੱਲੋਂ ਲੜੀਆਂ ਅਤੇ ਮੁੱਖ ਮੰਤਰੀ ਵੀ ਓਸੇ ਵੱਲੋਂ ਬਣੇ ਸਨ। ਗਿਆਨੀ ਗੁਰਮੁਖ ਸਿੰਘ ਮੁਸਾਫਰ ਅਕਾਲੀ ਲਹਿਰ ਤੋਂ ਆਏ ਸਨ ਤੇ ਇੱਕ ਵੇਲੇਸ੍ਰੀ ਅਕਾਲ ਤਖਤ ਦੇ ਜਥੇਦਾਰ ਰਹਿ ਚੁੱਕੇ ਹੋਣ ਕਰ ਕੇ ਅਕਾਲੀ ਦਲ ਦੀਆਂ ਸਮੱਸਿਆਵਾਂ ਨੂੰ ਸਮਝਦੇ ਅਤੇ ਉਨ੍ਹਾਂ ਨੂੰ ਵਰਤਣ ਦੀ ਰਾਜਨੀਤੀ ਕਰਨ ਵਿੱਚ ਮਾਹਰ ਸਮਝੇ ਜਾਂਦੇ ਸਨ। ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਬਾਰੇ ਦੱਸਣ ਦੀ ਲੋੜ ਨਹੀਂ ਤੇ ਉਨ੍ਹਾਂ ਤੋਂ ਬਾਅਦ ਆਏ ਗਿਆਨੀ ਜ਼ੈਲ ਸਿੰਘ ਬੇਸ਼ੱਕ ਅਕਾਲੀ ਦਲ ਵਿੱਚੋਂ ਨਹੀਂ ਸਨ ਆਏ, ਗੁਰੂ ਘਰ ਦੇ ਗ੍ਰੰਥੀ ਸਿੰਘ ਰਹਿ ਚੁੱਕੇ ਹੋਣ ਕਰ ਕੇ ਸਿਆਸੀ ਪੈਂਤੜਾ ਉਨ੍ਹਾਂ ਦਾ ਵੀ ਮੁੱਖ ਮੰਤਰੀ ਤੋਂ ਚੱਲ ਕੇ ਰਾਸ਼ਟਰਪਤੀ ਬਣ ਜਾਣ ਤੱਕ ਉਹੀ ਰਿਹਾ। ਸਿਰਫ ਦਰਬਾਰਾ ਸਿੰਘ ਦੀ ਏਹੋਜਿਹੀ ਤਾਰ ਨਹੀਂ ਜੁੜਦੀ, ਪਰ ਅਕਾਲੀਆਂ ਦੀ ਅੱਖ ਵਿੱਚ ਰੜਕਣ ਵਾਲੇ ਬੇਅੰਤ ਸਿੰਘ ਨੇ ਪਹਿਲੀ ਚੋਣ 1967 ਵਿੱਚ ਪਾਇਲ ਹਲਕੇ ਤੋਂ ਅਕਾਲੀ ਦਲ ਵੱਲੋਂ ਲੜੀ ਅਤੇ ਹਾਰ ਗਏ ਸਨ। ਜਿਹੜੇ ਸਾਬਕਾ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਤੋਂ ਉਹ ਹਾਰ ਗਏ ਸਨ, ਜਦੋਂ ਅਗਲੀ ਵਾਰੀ ਅਕਾਲੀ ਦਲ ਨੇ ਉਸ ਨੂੰ ਓਸੇ ਪਾਇਲ ਸੀਟ ਤੋਂ ਟਿਕਟ ਦੇ ਦਿੱਤੀ ਸੀ ਤਾਂ ਬੇਅੰਤ ਸਿੰਘ ਨੇ ਮੁਕਾਬਲੇ ਵਿੱਚ ਆਜ਼ਾਦ ਚੋਣ ਲੜ ਕੇ ਉਸ ਨੂੰ ਹਰਾ ਦਿੱਤਾ ਅਤੇ ਉਸ ਪਿੱਛੋਂ ਅਕਾਲੀ ਦਲ ਵੱਲ ਕਦੀ ਮੁੜ ਕੇ ਨਹੀਂ ਵੇਖਿਆ। ਕੈਪਟਨ ਅਮਰਿੰਦਰ ਸਿੰਘ ਵੀ ਅਕਾਲੀ ਦਲ ਵਿੱਚ ਲੰਮਾ ਸਮਾਂ ਰਿਹਾ ਅਤੇ ਕਾਂਗਰਸ ਵੱਲਵਾਪਸ ਇਸ ਕਾਰਨ ਆਇਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਵਿਧਾਨ ਸਭਾ ਦੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਉਸ ਪਿੱਛੋਂ ਜ਼ਿਦ ਵਿੱਚ ਆਣ ਕੇ ਉਸ ਨੇ ਕਾਂਗਰਸ ਦੀ ਅਗਵਾਈ ਸੰਭਾਲੀ ਅਤੇ ਦੋ ਵਾਰੀ ਓਸੇ ਬਾਦਲ ਤੋਂ ਮੁੱਖ ਮੰਤਰੀ ਵਾਲੀ ਕੁਰਸੀ ਖੋਹ ਕੇ ਆਪਣੀ ਹੈਸੀਅਤ ਵਿਖਾਈ ਸੀ। ਅਕਾਲੀ ਦਲ ਵਿੱਚੋਂ ਆਏ ਇਹ ਸਾਰੇ ਆਗੂ ਆਪਣੇ ਮਨਾਂ ਵਿੱਚ ਕੌੜ ਰੱਖਦੇ ਸਨ।

ਕਿਸ ਲੀਡਰ ਦੇ ਮਨ ਵਿੱਚ ਕਿੰਨੀ ਕੌੜ ਸੀ, ਇਹ ਗੱਲ ਪਾਸੇ ਰੱਖ ਕੇ ਸੋਚਣ ਦਾ ਸਵਾਲ ਹੈ ਕਿ ਤਿੱਖੇ ਵਿਰੋਧਾਂ ਦੇ ਬਾਵਜੂਦ ਅਕਾਲੀ ਅਤੇ ਕਾਂਗਰਸੀ ਆਗੂਆਂ ਦੀ ਆਪਣੇ ਨਿੱਜੀ ਹਿੱਤਾਂ ਲਈ ਆਮ ਲੋਕਾਂ ਅਤੇ ਆਪੋ-ਆਪਣੀ ਪਾਰਟੀ ਤੋਂ ਅੱਖ ਬਚਾ ਕੇ ਇੱਕ ਦੂਸਰੇ ਨਾਲ ਤਿਕੜਮਾਂ ਦੀ ਸਾਂਝ ਕਈ ਵਾਰ ਵੇਖੀ ਜਾਂਦੀ ਰਹੀ ਸੀ। ਇੰਦਰਾ ਗਾਂਧੀ ਜਦੋਂ ਦੇਸ਼ ਵਿੱਚ ਐਮਰਜੈਂਸੀ ਲਾਉਣ ਲੱਗੀ ਤਾਂ ਇੱਕ ਅਕਾਲੀ ਆਗੂ ਨਾਲ ਉਸ ਨੇ ਇਹ ਗੱਲ ਮੁਕਾਈ ਦੱਸੀ ਜਾਂਦੀ ਸੀ ਕਿ ਉਸ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਾਵੇਗਾ,ਉਹ ਐਮਰਜੈਂਸੀ ਦਾ ਵਿਰੋਧ ਨਹੀਂ ਹੋਣ ਦੇਵੇਗਾ, ਪਰ ਇਹੋ ਗੱਦੀ ਖੁੱਸ ਜਾਣ ਦੇ ਡਰ ਵਾਲੇ ਕਾਂਗਰਸੀਆਗੂ ਨੇਉਸ ਦੇ ਵਿਰੋਧੀ ਨੂੰ ਦੂਜੇ ਪਾਸਿਉਂ ਮੋਰਚਾ ਲਵਾ ਦਿੱਤਾ ਸੀ। ਇਹ ਗੱਲ ਵੀ ਕੁਝ ਚੋਣਵੇਂ ਲੋਕਾਂ ਤੱਕ ਸੀਮਤੀ ਰਹੀ ਸੁਣੀਂਦੀ ਹੈ ਕਿ ਬੇਅੰਤ ਸਿੰਘ ਦੇ ਮੁੱਖ ਮੰਤਰੀ ਹੋਣ ਸਮੇਂ ਅਕਾਲੀ ਦਲ ਦੇ ਦੋਂਹ ਵੱਡੇ ਆਗੂਆਂ ਵਿੱਚੋਂ ਇੱਕ ਦੀ ਉਸ ਨਾਲ ਪਰਦੇ ਪਿੱਛੇ ਸਾਂਝ ਸੀ। ਸਾਂਝ ਦੀ ਇਸੇ ਤਾਰ ਕਾਰਨ ਫਤਹਿਗੜ੍ਹ ਸਾਹਿਬ ਦੇ ਨਵੇਂ ਬਣਾਏ ਜ਼ਿਲੇ ਦੀ ਜ਼ਿਲਾ ਪ੍ਰੀਸ਼ਦ ਦੀ ਚੋਣ ਵਿੱਚ ਕਾਂਗਰਸ ਜਿੱਤ ਗਈ ਸੀ। ਅਕਾਲੀਆਂ ਕੋਲ ਬਹੁ-ਸੰਮਤੀ ਹੋਣ ਤੇ ਗੁਰੂ-ਘਰ ਵਿੱਚ ਸਹੁੰ ਚੁੱਕ ਕੇ ਆਉਣ ਪਿੱਛੋਂ ਵੀਉਨ੍ਹਾ ਦੇ ਇੱਕ ਮੈਂਬਰ ਨੇ ਕਾਂਗਰਸ ਨੂੰ ਵੋਟ ਪਾ ਕੇ ਉਸ ਦਾ ਉਮੀਦਵਾਰ ਜਿਤਾਇਆ ਤੇ ਇਸ ਘਟਨਾ ਨਾਲਅਕਾਲੀ ਦਲ ਦਾ ਪਾਟਕ ਸਿਖਰਾਂ ਛੋਹਣ ਲੱਗ ਪਿਆ ਸੀ। ਸਿਰਫਇੱਕ ਟਿਕਟ ਨਾ ਮਿਲਣ ਕਾਰਨ ਰੁੱਸ ਕੇ ਆਏ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਅਕਾਲੀ ਦਲ ਅਤੇ ਬਾਦਲ ਪਰਵਾਰ ਨੂੰ ਨਿਸ਼ਾਨੇ ਉੱਤੇ ਰੱਖਿਆ ਸੀ, ਪਰ ਸਮਾਂ ਪਾ ਕੇ ਦੋਵਾਂ ਪਰਵਾਰਾਂ ਦੀ ਸਾਂਝ ਦੀਆਂ ਗੱਲਾਂ ਚੱਲ ਨਿਕਲੀਆਂ ਤੇ ਦੋਵਾਂ ਦੀਆਂ ਸਰਕਾਰਾਂ ਨੇ ਇੱਕ ਦੂਸਰੇ ਉੱਤੇ ਬਣਾਏ ਕੇਸ ਕਿਸੇ ਸਿਰੇ ਨਹੀਂ ਸਨ ਲੱਗਣ ਦਿੱਤੇ ਗਏ। ਸਿਆਸੀ ਕੁਤੱਤਣ ਇਸ ਦੇ ਬਾਅਦ ਵੀ ਜਾਰੀ ਰਹਿੰਦੀ ਸੀ।

ਏਦਾਂ ਦੀਆਂ ਕੁਤੱਤਣਾਂ ਦੌਰਾਨ ਸਿਰਫ ਇੱਕ ਕੰਮ ਇਹੋ ਜਿਹਾ ਹੋਇਆ, ਜਿਸ ਨੂੰ ਚੰਗਾ ਕਿਹਾ ਜਾ ਸਕਦਾ ਸੀ ਅਤੇ ਕਹਿਣਾ ਵੀ ਚਾਹੀਦਾ ਹੈ ਕਿ ਇੱਕ ਅਕਾਲੀ ਆਗੂ ਬਾਗੀ ਹੋ ਕੇ ਮੁੱਖ ਮੰਤਰੀ ਬਣਿਆ ਤਾਂ ਪੰਜਾਬੀ ਨੂੰ ਰਾਜਾ ਭਾਸ਼ਾ ਬਣਾਏ ਜਾਣ ਦਾ ਬਿੱਲ ਪਾਸ ਕਰਵਾ ਕੇ ਨੋਟੀਫਿਕੇਸ਼ਨ ਜਾਰੀ ਕਰਵਾ ਗਿਆ ਸੀ। ਉਸ ਥੋੜ੍ਹ-ਚਿਰੇ ਮੁੱਖ ਮੰਤਰੀ ਲਛਮਣ ਸਿੰਘ ਨੇ ਜਦੋਂ ਇਹ ਬਿੱਲ ਪਾਸ ਕਰਾਇਆ ਤਾਂ ਹਿੰਦੀ ਨੂੰ ਲਿੰਕ ਭਾਸ਼ਾ ਬਣਾਉਣ ਦੇ ਮੁੱਦੇ ਉੱਤੇ ਚੋਖੀ ਸਾਰੀ ਬਹਿਸ ਹੋਈ ਸੀ, ਪਰ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਬਣਾਉਣ ਦਾ ਵਿਰੋਧ ਕਿਸੇ ਨੇ ਵੀ ਸਿੱਧਾ ਨਹੀਂ ਕੀਤਾ। ਉਸ ਵਕਤ ਦੀ ਜਨ ਸੰਘ ਦੀ ਲੀਡਰਸ਼ਿਪ ਨੇ ਵੀ ਵਿਧਾਨ ਸਭਾ ਵਿੱਚ ਇਹੋ ਜਿਹਾ ਵਿਰੋਧ ਕਰਨ ਦੀ ਥਾਂ ਸਿਰਫ ਏਨਾ ਕਿਹਾ ਸੀ ਕਿ ਰਾਜ ਭਾਸ਼ਾ ਪੰਜਾਬੀ ਠੀਕ ਹੈ, ਪਰ ਦੇਸ਼ ਦੇ ਦੂਸਰੇ ਰਾਜਾਂ ਨਾਲ ਸਾਡੇ ਲੋਕਾਂ ਦੇ ਤਾਲਮੇਲ ਲਈ ਹਿੰਦੀ ਨੂੰ ਲਿੰਕ ਭਾਸ਼ਾ ਦਾ ਦਰਜਾ ਦੇਈ ਰੱਖਣ ਵਿੱਚ ਕੋਈ ਹਰਜ਼ ਨਹੀਂ ਹੋਣਾ ਚਾਹੀਦਾ। ਦਸੰਬਰ 1967 ਵਿੱਚ ਉਹ ਬਿੱਲ ਪਾਸ ਹੋਇਆ ਤੇ ਗਵਰਨਰ ਨੇ ਪ੍ਰਵਾਨ ਕੀਤਾ ਸੀ, ਪਰ ਉਸ ਦੇ ਬਾਅਦ ਦੇ ਸਤਵੰਜਾ ਸਾਲਾਂ ਵਿੱਚੋਂ ਮਾਮੂਲੀ ਫਰਕ ਨਾਲ ਅੱਧਾ ਕੁ ਸਮਾਂ ਕਾਂਗਰਸ ਦੇ ਆਗੂਆਂ ਦੇ ਹੱਥ ਰਾਜ ਦੀ ਵਾਗ ਰਹੀ ਅਤੇ ਕੁਝ ਮਹੀਨੇ ਘੱਟ ਹੋਣਗੇ, ਏਨਾ ਕੁ ਸਮਾਂ ਹੀ ਅਕਾਲੀਆਂ ਦਾ ਰਾਜ ਰਿਹਾ, ਪਰ ਉਸ ਕਾਨੂੰਨ ਨੂੰ ਦੋਵਾਂ ਨੇ ਅੱਜ ਤੱਕ ਅਮਲ ਵਿੱਚ ਲਾਗੂ ਨਹੀਂ ਹੋਣ ਦਿੱਤਾ। ਸਗੋਂ ਹੱਦ ਤਾਂ ਇਹ ਕਿ ਇੱਕ ਅਕਾਲੀ ਮੁੱਖ ਮੰਤਰੀ ਦੇ ਵਕਤ ਪੰਜਾਬ ਦੇ ਉਨ੍ਹਾਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਹੁਕਮ ਪਾਸ ਕਰ ਦਿੱਤਾ ਗਿਆ, ਜਿਨ੍ਹਾਂ ਵਿੱਚ ਪੰਜਾਬੀ ਪੜ੍ਹਾਉਣ ਵਾਸਤੇ ਵੀ ਪੂਰੇ ਅਧਿਆਪਕ ਨਹੀਂ ਸਨ। ਕਮਾਲ ਦੀ ਗੱਲ ਤਾਂ ਇਹ ਕਿ ਜਿਸ ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਕਾਨੂੰਨ ਬਣਾਇਆ ਸੀ, ਅਕਾਲੀ ਮੁੱਖ ਮੰਤਰੀ ਨੇ ਪਹਿਲੀ ਜਮਾਤ ਤੋਂ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਾਉਣ ਦੀ ਸਕੀਮ ਵੀ ਓਸੇ ਦੇ ਪਿੰਡ ਤੋਂ ਜਾ ਕੇ ਸ਼ੁਰੂ ਕੀਤੀ, ਜਿਸ ਨਾਲ ਉਸ ਵੇਲੇ ਦੀ ਸਰਕਾਰ ਦੀ ਨੀਤੀ ਤੇ ਅਕਾਲੀ ਆਗੂਆਂ ਦੀ ਨੀਤ ਬਾਰੇ ਕਈ ਗੱਲਾਂ ਚੱਲਣ ਲੱਗ ਪਈਆਂ ਸਨ ਅਤੇ ਅੱਜ ਤੱਕ ਚੱਲ ਰਹੀਆਂ ਹਨ।

ਕਹਾਣੀ ਦਾ ਸਾਰ-ਤੱਤ ਬੱਸ ਇਹ ਬਣਦਾ ਹੈ ਕਿ ਪੰਜਾਬ ਦੀ ਰਾਜਨੀਤੀ ਸਿੱਖ ਮਸਲਿਆਂ ਉੱਤੇ ਆਧਾਰਤ ਚੱਲਦੀ ਦੱਸੀ ਜਾਂਦੀ ਹੈ, ਪਰ ਅਸਲ ਵਿੱਚ ਸਿੱਖ ਮਸਲਿਆਂ ਦੇ ਆਧਾਰ ਉੱਤੇ ਨਹੀਂ, ਦੋਵਾਂ ਧਿਰਾਂ ਦੇ ਸਿੱਖ ਆਗੂਆਂ ਦੀਆਂ ਨਿੱਜੀ ਰਾਜਸੀ ਲੋੜਾਂ ਨੂੰ ਮੁੱਖ ਰੱਖ ਕੇ ਚਲਾਈ ਜਾਂਦੀ ਹੈ। ਇਸੇ ਕਾਰਨ ਸਾਡੀ ਸਮਝ ਕਹਿੰਦੀ ਹੈ ਕਿ ਅਕਾਲੀ ਦਲ ਦੇ ਪਹਿਲੀ ਪਾਲ ਦੇ ਆਗੂਆਂ ਦੀ ਅਜੋਕੀ ਖਿੱਚੋਤਾਣ ਦਾ ਅਸਰ ਵੀ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਭਵਿੱਖ ਉੱਤੇ ਹਰ ਹਾਲ ਪੈ ਕੇ ਰਹਿਣਾ ਹੈ। ਆਮ ਕਰ ਕੇ ਕਿਹਾ ਜਾਂਦਾ ਹੈ ਕਿ ਅਕਾਲੀਆਂ ਦੀ ਇਹੋ ਜਿਹੀ ਖਿੱਚੋਤਾਣ ਜਦੋਂ ਅਤੇ ਜਿਹੜੇ ਵੀ ਰੰਗਾਂ ਵਿੱਚ ਹੁੰਦੀ ਰਹੀ ਹੈ, ਹਰ ਵਾਰੀ ਇੱਕ ਨਵਾਂ ਅਕਾਲੀ ਦਲ ਜਾਂ ਏਦਾਂ ਦੀ ਸਿਆਸੀ ਜਥੇਬੰਦੀ ਜਨਮ ਲੈਂਦੀ ਰਹੀ ਹੈ ਤੇ ਇਹ ਕੁਝ ਇਸ ਵਾਰੀ ਵੀ ਹੋ ਸਕਦਾ ਹੈ। ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਜਿੱਦਾਂਸ੍ਰੀ ਅਕਾਲ ਤਖਤ ਦੇ ਜਥੇਦਾਰ ਤੱਕ ਸ਼ਿਕਾਇਤ ਕਰ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿਵਾਉਣ ਦੀ ਹਿੰਮਤ ਕੀਤੀ ਤੇਸਿੱਟੇ ਵਜੋਂ ਅਕਾਲੀ ਦਲ ਨੂੰ ਪਹਿਲੀ ਵਾਰੀ ਵਿਧਾਨ ਸਭਾ ਉੱਪ ਚੋਣਾਂ ਵੇਲੇ ਮੈਦਾਨ ਖਾਲੀ ਛੱਡਣਾ ਪਿਆ ਹੈ, ਏਦਾਂ ਦੇ ਹਾਲਾਤ ਵਿੱਚ ਇਹ ਅਕਾਲੀ ਦਲ ਇਕੱਠਾ ਰਹਿ ਸਕਣ ਦੀ ਸੰਭਾਵਨਾ ਨਹੀਂ ਰਹੀ। ਅਕਾਲੀ ਸਿਆਸਤ ਨਾਲ ਚਾਰ ਕੁ ਦਹਾਕਿਆਂ ਤੋਂ ਜੁੜੇ ਹੋਏ ਇੱਕ ਵੱਡੇ ਬੁੱਧੀਜੀਵੀ ਨੇ ਬੀਤੇ ਦਿਨੀਂ ਸਾਨੂੰ ਕਿਹਾ ਕਿ ਜਦੋਂਵੀ ਏਦਾਂ ਦੀ ਭੱਜ-ਟੁੱਟ ਹੁੰਦੀ ਰਹੀ ਹੈ, ਨਵੀਂ ਬਣੀ ਜਥੇਬੰਦੀ ਅਕਾਲੀ ਸਫਾਂ ਵਿੱਚ ਕਦੀ ਟਿਕ ਨਹੀਂ ਸਕੀ। ਅਸੀਂ ਹੱਸ ਕੇ ਕਿਹਾ ਸੀ ਕਿ ਮਾਸਟਰ ਤਾਰਾ ਸਿੰਘ ਤੋਂ ਵੱਡਾ ਲੀਡਰ ਅੱਜ ਦੀ ਅਕਾਲੀ ਲਹਿਰ ਵਿੱਚ ਕੋਈ ਹੈ ਨਹੀਂ, ਜਦੋਂ ਏਦਾਂ ਦੀ ਫੁੱਟ ਦੀ ਨੌਬਤ ਆਈ ਸੀ ਤਾਂ ਉਸ ਤੋਂ ਛੋਟੇ ਆਗੂ ਮੰਨੇ ਜਾਂਦੇ ਸੰਤ ਫਤਹਿ ਸਿੰਘ ਦੀ ਗੁੱਡੀ ਚੜ੍ਹ ਗਈ ਅਤੇ ਮਾਸਟਰ ਜੀ ਦਾ ਅਕਾਲੀ ਦਲ ਸਿਮਟ ਗਿਆ ਸੀ।

ਐਤਕੀਂ ਫਿਰ ਗੱਲ ਨਿਬੇੜੇ ਵਾਲੇ ਮੋੜ ਤੱਕ ਆ ਪਹੁੰਚੀ ਜਾਪਦੀ ਹੈ। ਅਕਾਲੀ ਦਲ ਸੁਧਾਰ ਲਹਿਰ ਵਾਲੀ ਧਿਰ ਦੇ ਆਗੂਆਂ ਦਾ ਪਿੱਛੇ ਮੁੜਨਾ ਔਖਾ ਹੋਇਆ ਲੱਗਦਾ ਹੈ। ਇਹੋ ਜਿਹੇ ਹਾਲਾਤ ਵਿੱਚ ਅਕਾਲੀ ਦਲ ਦਾ ਕੀ ਬਣੇਗਾ, ਲੱਖ ਟਕੇ ਦੇ ਇਸ ਸਵਾਲ ਦੇ ਜਵਾਬ ਵਾਲਾ ਨੁਸਖਾ ਤਾਂ ਲੁਕਮਾਨ ਹਕੀਮ ਵਰਗਿਆਂ ਕੋਲ ਵੀ ਨਹੀਂ ਹੋਣਾ, ਪਰ ਇੱਕ ਗੱਲ ਸਾਫ ਹੈ ਕਿ ਮੱਤਭੇਦਾਂ ਦੀ ਦਰਾੜ ਸ਼ੀਸ਼ੇ ਦੀ ਤਰੇੜ ਵਾਂਗ ਹੈ, ਜਿਹੜੀ ਮਿਟ ਨਹੀਂ ਸਕਣੀ। ਪੰਜਾਬ ਉੱਤੇ ਤੇ ਪੰਜਾਬੀਆਂ ਉੱਤੇ ਇਸ ਪਾਟਕ ਦਾ ਕਿੱਦਾਂ ਦਾ ਅਸਰ ਪਵੇਗਾ, ਅੱਜ ਦੀ ਘੜੀ ਇਹ ਗੱਲ ਕਹਿ ਸਕਣੀ ਔਖੀ ਹੈ, ਪਰ ਅਗਲੇ ਕੁਝ ਦਿਨ ਭਵਿੱਖ ਦੀ ਰਾਜਨੀਤੀ ਦਾ ਨਕਸ਼ਾ ਵਿਖਾਉਂਦੀ ਆਕਾਸ਼ ਗੰਗਾ ਦਾ ਨਕਸ਼ਾ ਉਲੀਕਣ ਵਾਲੇ ਹੋ ਸਕਦੇ ਹਨ।

## ਤਹਿਰਾਨ 'ਚ ਜਿਨਸੀ ਸ਼ੋਸ਼ਣ ਦੇ ਵਿਰੋਧ 'ਚ ਵਿਦਿਆਰਥਣ ਕੱਪੜੇ ਉਤਾਰ ਕੇ ਘੁੰਮੀ



ਤਹਿਰਾਨ, 3 ਨਵੰਬਰ (ਪੋਸਟ ਬਿਊਰੋ): ਈਰਾਨ ਦੀ ਰਾਜਧਾਨੀ ਤਹਿਰਾਨ 'ਚ ਇਕ ਵਿਦਿਆਰਥਣ ਦੇ ਨਗਨ ਹਾਲਤ 'ਚ ਘੁੰਮਣ ਦਾ ਮਾਮਲਾ ਸਾਹਮਣੇ ਆਇਆ ਹੈ। ਏਐੱਫਪੀ ਮੁਤਾਬਕ ਇਹ ਘਟਨਾ ਤਹਿਰਾਨ ਦੀ ਆਜ਼ਾਦ ਯੂਨੀਵਰਸਿਟੀ ਆਫ ਸਾਇੰਸ ਐਂਡ ਰਿਸਰਚ 'ਚ ਸ਼ਨੀਵਾਰ ਨੂੰ ਵਾਪਰੀ। ਇੱਥੇ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਨੇ ਜਿਨਸੀ ਸ਼ੋਸ਼ਣ ਦੇ ਵਿਰੋਧ ਵਿੱਚ ਆਪਣੇ ਕੱਪੜੇ ਉਤਾਰ ਦਿੱਤੇ।

ਨੰਗੇ ਹੋ ਕੇ ਘੁੰਮਣ ਤੋਂ ਥੋੜ੍ਹੀ ਦੇਰ ਬਾਅਦ ਈਰਾਨੀ ਪੁਲਿਸ ਨੇ ਵਿਦਿਆਰਥਣ ਨੂੰ ਹਿਰਾਸਤ ਵਿਚ ਲੈ ਲਿਆ। ਈਰਾਨੀ ਨਿਊਜ਼ਲੈਟਰ ਆਮਿਰ ਕਬੀਰ ਮੁਤਾਬਕ ਵਿਦਿਆਰਥੀ ਨੂੰ ਹਿਰਾਸਤ ਦੌਰਾਨ ਕੁੱਟਿਆ ਵੀ ਗਿਆ। ਇਸ ਘਟਨਾ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ 'ਚ ਵਿਦਿਆਰਥਣ ਨੂੰ ਯੂਨੀਵਰਸਿਟੀ 'ਚ ਘੁੰਮਦੇ ਦੇਖਿਆ ਜਾ ਸਕਦਾ ਹੈ।

ਯੂਨੀਵਰਸਿਟੀ ਦੇ ਬੁਲਾਰੇ ਆਮਿਰ ਮਹਜੌਬ ਨੇ ਐਕਸ 'ਤੇ ਪੋਸਟ ਕਰਦਿਆਂ ਕਿਹਾ ਕਿ ਵਿਦਿਆਰਥਣ ਦੀ ਹਾਲਤ ਮਾਨਸਿਕ ਤੌਰ 'ਤੇ ਠੀਕ ਨਹੀਂ ਹੈ। ਉਹ ਮਾਨਸਿਕ ਦਬਾਅ ਹੇਠ ਹੈ ਅਤੇ ਮਾਨਸਿਕ ਰੋਗੀ ਹੈ।

ਕਈ ਮੀਡੀਆ ਰਿਪੋਰਟਾਂ ਵਿੱਚ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਿਦਿਆਰਥਣ ਨਾਲ ਬਸੀਜ ਮਿਲੀਸ਼ੀਆ ਦੇ ਮੈਂਬਰਾਂ ਨੇ ਦੁਰਵਿਵਹਾਰ ਕੀਤਾ ਸੀ। ਉਸ ਦਾ ਹਿਜਾਬ ਅਤੇ ਕੱਪੜੇ ਖਿੱਚ ਲਏ ਗਏ ਸਨ।

ਦਰਅਸਲ, ਈਰਾਨ ਵਿੱਚ ਔਰਤਾਂ ਦੇ ਕੱਪੜਿਆਂ ਨੂੰ ਲੈ ਕੇ ਸਖ਼ਤ ਡਰੈੱਸ ਕੋਡ ਲਾਗੂ ਕੀਤਾ ਗਿਆ ਹੈ। ਇਸ ਮੁਤਾਬਕ ਔਰਤਾਂ ਲਈ ਜਨਤਕ ਥਾਂਵਾਂ 'ਤੇ ਹਿਜਾਬ ਅਤੇ ਢਿੱਲੇ ਕੱਪੜੇ ਪਾਉਣੇ ਲਾਜ਼ਮੀ ਹਨ। ਅਜਿਹੇ 'ਚ ਵਿਦਿਆਰਥਣ ਦੇ ਇਸ ਕਦਮ ਨੂੰ ਈਰਾਨ ਦੀ ਤਾਕਤ ਖਿਲਾਫ ਆਵਾਜ਼ ਉਠਾਉਣ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ।

## ਪੋਰਟੇਜ ਪਲੇਸ ਕੋਲ ਜ਼ਖਮੀ ਹਾਲਤ ਵਿਚ ਮਿਲੀ ਔਰਤ ਦੀ ਮੌਤ, ਇੱਕ ਮੁਲਜ਼ਮ ਗ੍ਰਿਫਤਾਰ




ਵਿੰਨੀਪੇਗ, 3 ਨਵੰਬਰ (ਪਸਟ ਬਿਊਰੋ): ਵਿੰਨੀਪੇਗ ਪੁਲਿਸ ਨੇ 31 ਅਕਤੂਬਰ ਨੂੰ ਇੱਕ ਕਤਲ ਦੇ ਸਿਲਸਿਲੇ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ 'ਤੇ ਚਾਰਜਿਜ਼ ਲਗਾਏ।

ਵੀਰਵਾਰ ਨੂੰ ਪੁਲਿਸ ਨੇ ਪੋਰਟੇਜ ਪਲੇਸ ਸ਼ਾਪਿੰਗ ਸੈਂਟਰ ਦੇ ਪਿੱਛੇ ਸਥਿਤ ਦ ਪ੍ਰੋਮੇਨੇਡ ਦੇ ਪਹਿਲੇ ਸੌ ਬਲਾਕ ਵਿੱਚ ਜਾਨਲੇਵਾ ਸੱਟਾਂ ਦੇ ਨਾਲ ਇੱਕ ਬੇਹੋਸ਼ ਔਰਤ ਦੀ ਰਿਪੋਰਟ 'ਤੇ ਕਾਰਵਾਈ ਕੀਤੀ।

28 ਸਾਲਾ ਔਰਤ ਜਿਸਨੂੰ ਬਰਾਇਨਾ ਕਲੋਵੇਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ।

ਐਤਵਾਰ ਨੂੰ ਅਧਿਕਾਰੀਆਂ ਨੇ 32 ਸਾਲਾ ਜੌਨ ਕੇਨੇਡੀ ਨੂੰ ਸੈਕੰਡ ਡਿਗਰੀ ਕਤਲ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ। ਉਸਨੂੰ ਹਿਰਾਸਤ ਵਿੱਚ ਲਿਆ ਗਿਆ। ਪੁਲਿਸ ਨੇ ਕਿਹਾ ਕਿ ਪੀੜਤ ਅਤੇ ਮੁਲਜ਼ਮ ਇੱਕ-ਦੂਜੇ ਨੂੰ ਜਾਣਦੇ ਸਨ।

## ਕੇਮੀ ਬੇਡੇਨਾਕ ਸੁਨਕ ਦੀ ਥਾਂ ਲੈਣਗੇ, ਬ੍ਰਿਟਿਸ਼ ਪਾਰਟੀ ਦੀ ਨੇਤਾ ਬਣਨ ਵਾਲੀ ਪਹਿਲੀ ਅਸ਼ਵੇਤ ਔਰਤ



ਲੰਡਨ, 3 ਨਵੰਬਰ (ਪੋਸਟ ਬਿਊਰੋ): ਬ੍ਰਿਟੇਨ ਦੀਆਂ ਸਭ ਤੋਂ ਵੱਡੀਆਂ ਪਾਰਟੀਆਂ ਵਿੱਚੋਂ ਇੱਕ ਕੰਜ਼ਰਵੇਟਿਵ ਪਾਰਟੀ ਵਿੱਚ ਹੁਣ ਰਿਸ਼ੀ ਸੁਨਕ ਦੀ ਥਾਂ ਇੱਕ ਬਲੈਜ ਔਰਤ ਕੇਮੀ ਬੇਡੇਨਾਕ ਨੂੰ ਲਿਆ ਜਾਵੇਗਾ। ਉਹ ਬ੍ਰਿਟੇਨ ਦੀ ਕੰਜ਼ਰਵੇਟਿਵ ਪਾਰਟੀ ਦੀ ਨੇਤਾ ਚੁਣੇ ਹਏ ਹਨ। ਬਰਤਾਨੀਆ ਵਿੱਚ ਇਹ ਅਹੁਦਾ ਹਾਸਿਲ ਕਰਨ ਵਾਲੀ ਉਹ ਪਹਿਲੀ ਅਸ਼ਵੇਤ ਔਰਤ ਹਨ। 44 ਸਾਲਾ ਬੇਡੇਨ-ਾਕ ਨੇ 57% ਵੋਟਾਂ ਹਾਸਿਲ ਕੀਤੀਆਂ ਅਤੇ ਪਾਰਟੀ ਆਗੂ ਦੀ ਚੋਣ ਵਿੱਚ ਰਾਬਰਟ ਜੇਨਰਿਕ ਨੂੰ ਹਰਾਇਆ।

ਵਿਰੋਧੀ ਲੇਬਰ ਪਾਰਟੀ ਦੇ ਨੇਤਾ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵੀ ਬੇਡੇਨਾਕ ਨੂੰ ਜਿੱਤ 'ਤੇ ਵਧਾਈ ਦਿੱਤੀ ਹੈ। ਸਟਾਰਮਰ ਨੇ ਕਿਹਾ ਕਿ ਇੱਕ ਬਲੈਕ ਔਰਤ ਦਾ ਪਾਰਟੀ ਆਗੂ ਚੁਣਿਆ ਜਾਣਾ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ।

ਇਸ ਦੇ ਨਾਲ ਹੀ ਬੇਡੇਨਾਕ ਨੇ ਕਿਹਾ ਹੈ ਕਿ ਉਹ ਆਪਣੀ ਨਸਲੀ ਪਹਿਚਾਣ ਨੂੰ ਜ਼ਿਆਦਾ ਮਹੱਤਵ ਦੇਣਾ ਪਸੰਦ ਨਹੀਂ ਕਰਦੇ। ਕੰਜ਼ਰਵੇਟਿਵ ਪਾਰਟੀ ਦੀ ਕਾਨਫਰੰਸ ਵਿੱਚ ਜਦੋਂ ਉਨ੍ਹਾਂ ਨੂੰ ਇਸ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਚਮੜੀ, ਵਾਲਾਂ ਜਾਂ ਅੱਖਾਂ ਦੇ ਰੰਗ ਨੂੰ ਜ਼ਿਆਦਾ ਮਹੱਤਵ ਨਹੀਂ ਦੇਣਾ ਚਾਹੀਦਾ।

ਚੋਣ ਜਿੱਤਣ ਤੋਂ ਬਾਅਦ, ਬੇਡੇਨਾਕ ਨੇ ਪਾਰਟੀ ਨੂੰ ਮੁੜ ਸੁਰਜੀਤ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਨੇ ਕਿਹਾ ਕਿ ਹੁਣ ਸੱਚ ਦੱਸਣ ਦਾ ਸਮਾਂ ਆ ਗਿਆ ਹੈ। ਦਰਅਸਲ ਜੁਲਾਈ 'ਚ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਅਗਵਾਈ 'ਚ ਹੋਈਆਂ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਦੀ ਹਾਰ ਹੋਈ ਸੀ।

ਬੇਡੇਨਾਕ ਦੀ ਅਗਵਾਈ ਵਿੱਚ ਕੰਜ਼ਰਵੇਟਿਵ ਪਾਰਟੀ ਵਿੱਚ ਬਦਲਾਅ ਦੀ ਉਮੀਦ ਹੈ। ਕੇਮੀ ਨੇ ਵਾਅਦਾ ਕੀਤਾ ਹੈ ਕਿ ਉਹ ਚੋਣਾਂ ਜਿੱਤਣ ਤੋਂ ਬਾਅਦ ਪਾਰਟੀ ਨੂੰ ਇਸ ਦੇ ਮੂਲ ਸਿਧਾਂਤਾਂ 'ਤੇ ਵਾਪਿਸ ਲਿਆਏਗੀ।

ਕੇਮੀ ਦਾ ਜਨਮ ਵਿੰਬਲਡਨ, ਲੰਡਨ ਵਿੱਚ 1980 ਵਿੱਚ ਹੋਇਆ ਸੀ ਅਤੇ ਉਸਦਾ ਪਾਲਣ ਪੋਸ਼ਣ ਨਾਈਜੀਰੀਆ ਵਿੱਚ ਹੋਇਆ ਸੀ। ਕੁਝ ਸਮੇਂ ਬਾਅਦ ਉਹ ਪੜ੍ਹਾਈ ਲਈ ਵਾਪਿਸ ਲੰਡਨ ਆ ਗਈ। ਸਿਰਫ਼ 16 ਸਾਲ ਦੀ ਉਮਰ ਵਿੱਚ, ਉਹ ਆਪਣੀ ਪੜ੍ਹਾਈ ਦੇ ਨਾਲ-ਨਾਲ ਮੈਕਡੋਨਲਡਜ਼ ਵਿੱਚ ਕੰਮ ਕਰਦੀ ਸੀ।

ਇਸ ਤੋਂ ਬਾਅਦ, ਬੇਡੇਨਾਕ ਨੇ ਸਸੇਕਸ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਵਿੱਚ ਗ੍ਰੈਜੂਏਸ਼ਨ ਕੀਤੀ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬੈਂਕਿੰਗ ਦੇ ਖੇਤਰ ਤੋਂ ਕੀਤੀ ਸੀ। ਪਰ ਬੇਡੇਨਾਕ ਨੇ ਰਾਜਨੀਤੀ ਵਿੱਚ ਆਉਣ ਲਈ ਬੈਂਕਿੰਗ ਛੱਡ ਦਿੱਤੀ। 25 ਸਾਲ ਦੀ ਉਮਰ ਵਿੱਚ ਉਹ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਿਲ ਹੋ ਗਏ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade
• Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

# ਮੋਗਾ ਵਿਖੇ ਮਨਾਇਆ ਗਿਆ ਵਿਸ਼ਵਕਰਮਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਸਜਿਆ ਕੀਰਤਨ ਅਤੇ ਢਾਡੀ ਦਰਬਾਰ

*** ਪੰਜਾਬ ਸਰਕਾਰ ਤੋਂ ਰਾਮਗੜੀਆ ਭਾਈਚਾਰੇ ਦੀਆਂ ਮੰਗਾਂ ਮਨਜ਼ੂਰ ਕਰਵਾਈਆਂ ਜਾਣਗੀਆਂ : ਅਮਨਦੀਪ ਅਰੋੜਾ**







ਮੋਗਾ, 3 ਨਵੰਬਰ (ਗਿਆਨ ਸਿੰਘ): ਵਿਸ਼ਵਕਰਮਾ ਭਵਨ ਮੋਗਾ ਵਿਖੇ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਵਲੋਂ ਸ੍ਰਿਸ਼ਟੀ ਤੇ ਕਲਾ ਦੇ ਨਿਰਮਾਤਾ ਸ੍ਰੀ ਵਿਸ਼ਵਕਰਮਾ ਜੀ ਦਾ ਜਨਮ ਦਿਨ ਸਮੂਹ ਜੱਥੇਬੰਦੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗਰੰਥ ਸਾਹਿਬ ਦੇ ਭੋਗ ਉਪਰੰਤ ਭਾਈ ਚੰਮਕੌਰ ਸਿੰਘ ਨੇ ਅਰਦਾਸ ਕੀਤੀ, ਭਾਈ ਪਰਮਜੀਤ ਸਿੰਘ ਦੇ ਰਾਗੀ ਜੱਥੇ ਅਤੇ ਸੁਖਮਨੀ ਸਾਹਿਬ ਸੁਸਾਇਟੀ ਜੱਥਾ ਬੀਬੀਆਂ ਵਲੋਂ ਕੀਰਤਨ ਤੇ ਬਲਕਰਨ ਸਿੰਘ ਬਾਜ਼ ਦੇ ਢਾਡੀ ਜੱਥੇ ਨੇ ਵਿਸ਼ਵਕਰਮਾਂ ਦੀ ਮਹਿਮਾਂ ਬਾਰੇ ਢਾਡੀ ਵਾਰਾਂ ਪੇਸ ਕੀਤੀਆਂ।

ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਡਾਕਟਰ ਅਮਨਦੀਪ ਅਰੋੜਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਸਮੂਹ ਸੰਗਤਾਂ ਨੂੰ ਵਿਸ਼ਵਕਰਮਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਰਾਮਗੜੀਆ ਵੈਲਫੇਅਰ ਸੁਸਾਇਟੀ ਵਲੋਂ ਪੇਸ ਕੀਤੇ ਮਾਨਪੱਤਰ ਵਿਚ ਰੱਖੀਆਂ ਮੰਗਾਂ ਪੰਜਾਬ ਸਰਕਾਰ ਤੋਂ ਪਹਿਲ ਦੇ ਅਧਾਰ ਤੇ ਪੂਰੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵਿਸ਼ਵਕਰਮਾ ਵੰਸੀਆਂ ਨੂੰ ਸਮਾਜਿਕ ਭਾਈਚਾਰੇ ਤੇ ਏਕਤਾ ਲਈ ਮਿਲਕੇ ਕੰਮ ਕਰਨ ਦੀ ਲੋੜ ਹੈ।ਉਹਨਾਂ ਸਲਾਘਾ ਕਰਦਿਆਂ ਕਿਹਾ ਕਿ ਦੇਸ਼ ਦੇ ਵਿਕਾਸ ਵਿਚ ਰਾਮਗੜੀਆ ਭਾਈਚਾਰੇ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਮੋਗਾ ਸ਼ਹਿਰ ਵਿਚੋ ਕੌਮੀ ਸ਼ਾਹ ਮਾਰਗ ਨਿਕਲਣ ਨਾਲ ਉਦਯੋਗਿਕ ਇਕਾਈਆਂ ਤੇ ਬਾਡੀਮੇਕਰ ਉਦਯੋਗ ਪਰਭਾਵਿਤ ਹੋਏ ਹਨ ਜਿਸ ਕਰਕੇ ਨਵੇ ਟਰਾਂਸਪੋਰਟ ਨਗਰ ਦੀ ਲੋੜ ਹੈ। ਮੰਗ ਪੱਤਰ ਵਿਚ ਪੱਛੜੀਆਂ ਸ੍ਰੇਣੀਆਂ ਦੇ ਕਮਿਸ਼ਨ ਦੇ ਚੇਅਰਮੈਨ ਤੇ ਮੈਬਰਾਂ ਦੀ ਨਿਯੁਕਤੀ, ਪੱਛੜੀਆਂ ਸ੍ਰੇਣੀਆਂ ਲਈ ਮੰਡਲ ਕਮਿਸ਼ਨ ਦੀ ਸਿਫਾਰਸਾਂ ਲਾਗੂ ਕਰਨ, ਬੈਕਵਰਡ ਕਲਾਸ ਖਤਮ ਕਰਕੇ ਪੱਛੜੀਆਂ ਸ੍ਰੇਣੀਆਂ ਰੱਖਿਆ ਜਾਵੇ ਤਾਂ ਜੋ ਸਾਰੇ ਨੂੰ ਜਾਤੀ ਸਰਟੀਫਿਕੇਟ ਬਣਾ ਕੇ ਸਹੂਲਤਾਂ ਲੈ ਸਕਣ।

ਇਸ ਮੌਕੇ ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ, ਨਿਧੱੜਕ ਸਿੰਘ ਬਰਾੜ, ਸਾਬਕਾ ਸੂਚਨਾ ਕਮਿਸ਼ਨਰ, ਡਾਕਟਰ ਹਰਜੋਤ ਕਮਲ ਸਾਬਕਾ ਵਿਧਾਇਕ, ਵਿਜੈ ਸਾਥੀ ਸਾਬਕਾ ਵਿਧਾਇਕ, ਰਣਵਿੰਦਰ ਸਿੰਘ ਪੱਪੂ ਰਾਮੂਵਾਲੀਆ, ਪ੍ਰੇਮ ਚੰਦ ਚੱਕੀਵਾਲਾ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ, ਕੁਲਵੰਤ ਸਿੰਘ ਰਾਮਗੜੀਆ, ਕੁਲਵੰਤ ਸਿੰਘ ਰਿੱਚੀ ਨੂੰ ਸੰਬੋਧਨ ਕਰਨ ਉਪਰੰਤ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਚਰਨਜੀਤ ਸਿੰਘ ਝੰਡੇਆਣਾ ਨੇ ਕਰਦਿਆਂ ਸਿੱਖ ਇਤਿਹਾਸ ਤੇ ਚਾਨਣਾ ਪਾਇਆ। ਇਸ ਮੌਕੇ ਸੰਜੀਤ ਸਿੰਘ ਸੰਨੀ ਗਿੱਲ ਹਲਕਾ ਇੰਨਚਾਰਜ ਸ਼੍ਰੋਮਣੀ ਅਕਾਲੀ ਦਲ, ਹਰਜਿੰਦਰ ਸਿੰਘ ਰੋਡੇ ਚੇਅਰਮੈਨ ਮਾਰਕਿਟ ਕਮੇਟੀ ਅਤੇ ਮਨਜੀਤ ਸਿੰਘ ਧੰਮੂ ਨਗਰ ਕੌਸ਼ਲਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਡਾਕਟਰ ਮਾਲਤੀ ਥਾਪਰ ਤੇ ਪਵਨ ਥਾਪਰ ਨੇ ਵੀ ਹਾਜਰੀ ਲਗਵਾਈ।

ਇਸ ਪ੍ਰੋਗਰਾਮ ਵਿਚ ਐੱਸ.ਐੱਸ.ਪੀ. ਐੱਸ ਉਬਰਾਏ ਮੈਨਜਿੰਗ ਟਰੱਸਟੀ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸ਼ਾਮਿਲ ਹੋਣਾ ਸੀ ਕਿਸੇ ਰੁਝੇਵੇ ਕਾਰਨ ਨਹੀਂ ਪਹੁੰਚੇ। ਉਨ੍ਹਾਂ ਗੋਕਲ ਚੰਦ ਦੀ ਅਗਵਾਈ ਹੇਠ ਟਰੱਸਟ ਦੀ ਟੀਮ ਭੇਜੀ ਜਿਸ ਨੇ ਲੈਬਾਰਟਰੀ ਵਿਚ ਮੁਫਤ ਟੈਸਟ ਕਰਨ ਲਈ 65 ਵਿਅਕਤੀਆਂ ਨੂੰ ਪਰਚੀਆਂ ਵੰਡੀਆਂ ਗਈਆਂ। ਹਰਮੇਲ ਸਿੰਘ ਡਰੋਲੀ ਪ੍ਰਧਾਨ ਰਾਮਗੜੀਆ ਵੈਲਫੇਅਰ ਸੁਸਾਇਟੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਵਿਸ਼ਵਕਰਮਾ ਦਿਵਸ਼ ਦੀ ਵਧਾਈ ਦਿੱਤੀ। ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਜੋਗਿੰਦਰ ਸਿੰਘ ਕੋਕਰੀ ਦੀ ਟੀਮ ਨੇ ਲੰਗਰ ਅਤੇ ਖਾਲਸਾ ਸੇਵਾ ਸੁਸਾਇਟੀ ਨੇ ਜੋੜਿਆਂ ਦੀ ਸੇਵਾ ਨਿਭਾਈ।ਇਸ ਤੌ ਇਲਾਵਾ ਸੋਹਣ ਸਿੰਘ ਸੱਗੂ, ਮਾਸਟਰ ਇੰਦਰਜੀਤ ਸਿੰਘ, ਗੁਰਦਰਸ਼ਨ ਸਿੰਘ,ਪ੍ਰਿਪਾਲ ਸਿੰਘ ਓਕਾਰਵਾਲੇ, ਚਰਨਜੀਤ ਸਿੰਘ ਹੈਪੀ, ਮਹਿੰਦਰ ਸਿੱਘ ਕਲਸੀ, ਗੁਰਨਾਮ ਸਿੰਘ ਲੱਵਲੀ, ਗੁਰਸੇਵਕ ਸਿੰਘ ਸੰਨਿਆਸੀ, ਤੇਜਿੰਦਰ ਸਿੰਘ ਜ਼ਸਨ ਸਟੇਟ ਆਵਾਰਡੀ, ਹਰਦੇਵ ਸਿੰਘ ਦੇਵ, ਗੁਰਪ੍ਰੀਤਮ ਸਿੰਘ ਚੀਮਾ,ਸਵਰਨ ਸਿੰਘ ਆਰੇਵਾਲੇ, ਬਚਿੱਤਰ ਸਿੰਘ ਕਲਸੀ, ਰਣਜੀਤ ਸਿੰਘ ਮਾਲਵਾ, ਪ੍ਰੀਤਮ ਸਿੰਘ ਆਰੇਵਾਲੇ,ਪ੍ਰਿੰਸੀਪਲ ਦਰਸ਼ਨ ਸਿੰਘ, ਮੁਖਤਿਆਰ ਸਿੰਘ ਮਾਧੋ, ਰਣਜੀਤ ਸਿੰਘ ਸੋਹਲ, ਸੁਰਿੰਦਰਪਾਲ ਸਿੰਘ ਇੰਨਚਾਰਜ ਸਬ ਆਫਿਸ ਅਜੀਤ ਤੇ ਜਸਪਾਲ ਬੱਬੀ ਪ੍ਰੈਸ ਫੋਟੋਗਰਾਫਰ,ਦਰਸ਼ਨ ਸਿੰਘ ਵਿਰਦੀ, ਹਾਕਮ ਸਿੰਘ ਖੋਸਾ ਨੇ ਵੀ ਸੇਵਾਂਵਾ ਨਿਭਾਈਆਂ। ਇਸ ਮੌਕੇ ਡਾਕਟਰ ਕੁਲਦੀਪ ਸਿੰਘ ਗਿੱਲ, ਹਰਪਾਲ ਸਿੰਘ ਬਰਾੜ,ਰਜਿੰਦਰ ਸਿੰਘ ਡੱਲਾ, ਹਰਜੀਤ ਸਿੰਘ ਠੇਕੇਦਾਰ, ਮੁਖਤਿਆਰ ਸਿੰਘ ਦੁੱਨੇਕੇ, ਸੁਖਚੈਨ ਸਿੰਘ ਰਾਂਮੂਵਾਲੀਆ, ਸ਼ੁਭਾਸ ਗਰੋਵਰ, ਬਲਬੀਰ ਸਿੰਘ ਡਰੋਲੀ, ਗੁਰਚਰਨ ਸਿੰਘ ਸੁਰਿੰਦਰ ਸਿੰਘ ਗੋਗੀ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ ਧੱਲੇਕੇ ਵੀ ਸ਼ਾਮਿਲ ਸਨ।

## ਦਿੱਲੀ ਵਿਚ ਕਾਰ ਸਵਾਰ ਨੇ ਟ੍ਰੈਫਿਕ ਪੁਲਿਸ ਦੇ ਮੁਲਾਜ਼ਮਾਂ ਨੂੰ ਮਾਰੀ ਟੱਕਰ, 20 ਮੀਟਰ ਤੱਕ ਘਸੀਟਿਆ




ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ): ਦੱਖਣੀ-ਪੱਛਮੀ ਦਿੱਲੀ ’ਚ ‘ਹਿੱਟ ਐਂਡ ਰੰਨ’ ਦੇ ਇੱਕ ਮਾਮਲੇ ’ਚ ਇੱਕ ਕਾਰ ਸਵਾਰ ਨੇ ਡਿਊਟੀ ’ਤੇ ਤਾਇਨਾਤ ਦਿੱਲੀ ਟ੍ਰੈਫਿਕ ਪੁਲਿਸ ਦੇ ਦੋ ਮੁਲਾਜ਼ਮਾਂ ਨੂੰ ਟੱਕਰ ਮਾਰਨ ਤੋਂ ਬਾਅਦ ਕਰੀਬ 20 ਮੀਟਰ ਤੱਕ ਘਸੀਟਿਆ। ਇੱਕ ਪੁਲਿਸ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦਸਿਆ ਕਿ ਇਹ ਘਟਨਾ ਸ਼ਨੀਵਾਰ ਰਾਤ ਕਰੀਬ 8:45 ਵਜੇ ਵੇਦਾਂਤ ਦੇਸ਼ਿਕਾ ਮਾਰਗ ਨੇੜੇ ਬੇਰ ਸਰਾਏ ਟ੍ਰੈਫਿਕ ਲਾਈਟ ’ਤੇ ਵਾਪਰੀ।

ਅਧਿਕਾਰੀ ਨੇ ਕਿਹਾ ਕਿ ਏ.ਐੱਸ.ਆਈ. ਪ੍ਰਮੋਦ ਅਤੇ ਹੈੱਡ ਕਾਂਸਟੇਬਲ ਸ਼ੈਲੇਸ਼ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਉਨ੍ਹਾਂ ਨੂੰ ਜਾਨ ਤੋਂ ਮਾਰਨ ਦਾ ਇਰਾਦਾ ਸੀ। ਕਤਲ ਦੀ ਕੋਸ਼ਿਸ਼, ਜਨਤਕ ਡਿਊਟੀ ’ਚ ਰੁਕਾਵਟ ਪਾਉਣ ਅਤੇ ਜਨਤਕ ਜੀਵਨ ਨੂੰ ਖਤਰੇ ’ਚ ਪਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਘਟਨਾ ਦੇ ਦੋ ਕਥਿਤ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੇ ਹਨ, ਜਿਸ ’ਚ ਦੋ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਨੂੰ ਕਾਰ ਘਸੀਟਦੇ ਹੋਏ ਵਿਖਾਇਆ ਗਿਆ ਹੈ, ਵੀਡੀਓ ’ਚ ਪੁਲਿਸ ਮੁਲਾਜ਼ਮ ਕਾਰ ਦਾ ਬੋਨਟ ਫੜ੍ਹਦੇ ਨਜ਼ਰ ਆ ਰਹੇ ਹਨ।

ਵੀਡੀਓ ’ਚ ਇਕ ਪੁਲਿਸ ਮੁਲਾਜ਼ਮ ਬ੍ਰੇਕ ਲਗਾਉਣ ਅਤੇ ਉਸ ਨੂੰ ਟੱਕਰ ਮਾਰਨ ਦੀ ਕੋਸ਼ਿਸ਼ ’ਚ ਪੁਲਿਸ ਮੁਲਾਜ਼ਮ ਜ਼ਮੀਨ ’ਤੇ ਡਿਗਦਾ ਵੇਖਿਆ ਜਾ ਸਕਦਾ ਹੈ। ਅਧਿਕਾਰੀ ਨੇ ਕਿਹਾ ਕਿ ਕਿਸ਼ਨਗੜ੍ਹ ਥਾਣੇ ’ਚ ਪੀ.ਸੀ.ਆਰ. ਨੂੰ ਫੋਨ ਆਇਆ ਕਿ ਕਿਸੇ ਅਣਪਛਾਤੇ ਵਾਹਨ ਨੇ ਡਿਊਟੀ ’ਤੇ ਤਾਇਨਾਤ ਟ੍ਰੈਫਿਕ ਮੁਲਾਜ਼ਮਾਂ ਨੂੰ ਟੱਕਰ ਮਾਰ ਦਿਤੀ ਅਤੇ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।’’

ਉਨ੍ਹਾਂ ਕਿਹਾ ਕਿ ਇਕ ਟੀਮ ਨੂੰ ਤੁਰਤ ਮੌਕੇ ’ਤੇ ਭੇਜਿਆ ਗਿਆ ਅਤੇ ਉਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਜ਼ਖਮੀ ਜਵਾਨਾਂ ਨੂੰ ਪੀ.ਸੀ.ਆਰ. ਵੈਨ ਰਾਹੀਂ ਸਫਦਰਜੰਗ ਹਸਪਤਾਲ ਲਿਜਾਇਆ ਗਿਆ ਹੈ। ਅਧਿਕਾਰੀ ਨੇ ਦਸਿਆ ਕਿ ਟੀਮ ਹਸਪਤਾਲ ਪਹੁੰਚੀ ਅਤੇ ਵੇਖਿਆ ਕਿ ਸਹਾਇਕ ਸਬ-ਇੰਸਪੈਕਟਰ ਪ੍ਰਮੋਦ ਅਤੇ ਹੈੱਡ ਕਾਂਸਟੇਬਲ ਸ਼ੈਲੇਸ਼ ਦੀ ਹਾਲਤ ਸਥਿਰ ਹੈ।

## ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੀ 24 ਸਾਲਾ ਔਰਤ ਗ੍ਰਿਫਤਾਰ



ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ): ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਸ਼ਨੀਵਾਰ ਨੂੰ ਧਮਕੀ ਭਰਿਆ ਸੰਦੇਸ਼ ਮਿਲਿਆ ਸੀ। ਜਿਸ ਵਿੱਚ ਕਿਹਾ ਗਿਆ ਸੀ ਕਿ ਜੇਕਰ ਉਨ੍ਹਾਂ ਨੇ ਦਸ ਦਿਨਾਂ ਦੇ ਅੰਦਰ ਅਸਤੀਫਾ ਨਾ ਦਿੱਤਾ ਤਾਂ ਉਨ੍ਹਾਂ ਦੀ ਹਾਲਤ ਬਾਬਾ ਸਿੱਦੀਕੀ ਵਰਗੀ ਹੋ ਜਾਵੇਗੀ।

ਇਹ ਧਮਕੀ ਭਰਿਆ ਸੰਦੇਸ਼ ਮੁੰਬਈ ਪੁਲਿਸ ਕੰਟਰੋਲ ਰੂਮ ਨੂੰ ਮਿਲਿਆ ਹੈ। ਇਸ ਮੈਸੇਜ ਤੋਂ ਬਾਅਦ ਮੁੱਖ ਮੰਤਰੀ ਯੋਗੀ ਦੀ ਸੁਰੱਖਿਆ 'ਚ ਲੱਗੀਆਂ ਏਜੰਸੀਆਂ ਅਲਰਟ 'ਤੇ ਸਨ। ਇਸ ਧਮਕੀ ਤੋਂ ਬਾਅਦ ਯੂਪੀ ਪੁਲਿਸ ਹੀ ਨਹੀਂ ਬਲਕਿ ਮੁੰਬਈ ਪੁਲਿਸ ਨੇ ਵੀ ਦੋਸ਼ੀਆਂ ਦੀ ਭਾਲ ਸ਼ੁਰੂ ਕੀਤੀ ਅਤੇ ਮੁੰਬਈ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ।

ਮੁੰਬਈ ਪੁਲਿਸ ਨੇ ਮੁਲਜ਼ਮ ਦੀ ਭਾਲ ਕਰਦੇ ਮੁਲਜ਼ਮ ਨੂੰ ਟਰੇਸ ਕਰ ਲਿਆ ਹੈ। ਮੁੰਬਈ ਪੁਲਿਸ ਨੇ ਮੁੱਖ ਮੰਤਰੀ ਯੋਗੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੀ 24 ਸਾਲਾ ਔਰਤ ਨੂੰ ਹਿਰਾਸਤ ਵਿੱਚ ਲਿਆ ਹੈ।

ਗ੍ਰਿਫਤਾਰ ਕੀਤੀ ਗਈ ਔਰਤ ਮੁੰਬਈ ਤੋਂ ਹੈ ਤੇ ਪੜ੍ਹੀ-ਲਿਖੀ ਹੈ। ਪੁਲਿਸ ਨੇ ਔਰਤ ਤੋਂ ਪੁੱਛਗਿੱਛ ਲਈ ਨੋਟਿਸ ਭੇਜਿਆ ਹੈ। ਇੱਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇੱਕ 24 ਸਾਲਾ ਔਰਤ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

## ਸਿੱਧੂ ਪਰਿਵਾਰ ਦੀ ਭਾਜਪਾ ਨਾਲ ਨੇੜਤਾ, ਪਤਨੀ ਤੇ ਬੇਟੀ ਨੇ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਪੰਜਾਬ ਵਿੱਚ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨੂੰ ਮਿਲਣ ਪਹੁੰਚੀ। ਜਿਸ ਤੋਂ ਬਾਅਦ ਪੰਜਾਬ ਕਾਂਗਰਸ 'ਚ ਹਲਚਲ ਸ਼ੁਰੂ ਹੋ ਗਈ।

ਨਵਜੋਤ ਸਿੰਘ ਸਿੱਧੂ ਦੇ ਪਰਿਵਾਰ ਨੇ ਲੰਬੇ ਸਮੇਂ ਤੋਂ ਕਾਂਗਰਸ ਤੋਂ ਦੂਰੀ ਬਣਾਈ ਹੋਈ ਹੈ। ਨਵਜੋਤ ਸਿੰਘ ਸਿੱਧੂ ਸਿਆਸਤ ਛੱਡ ਕੇ ਕ੍ਰਿਕਟ ਵਿੱਚ ਰੁੱਝੇ ਹੋਏ ਹਨ। ਇਨ੍ਹੀਂ ਦਿਨੀਂ ਸਾਬਕਾ ਕਾਂਗਰਸ ਪ੍ਰਧਾਨ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ 'ਚ ਹਨ।

ਡਾ. ਨਵਜੋਤ ਕੌਰ ਸਿੱਧੂ ਆਪਣੀ ਬੇਟੀ ਰਾਬੀਆ ਨਾਲ ਸਮੁੰਦਰੀ ਨਿਵਾਸ ਪਹੁੰਚੇ ਸਨ। ਜਿੱਥੇ ਉਨ੍ਹਾਂ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਅਤੇ ਅੰਮ੍ਰਿਤਸਰ ਤੋਂ ਭਾਜਪਾ ਦੇ ਲੋਕ ਸਭਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ।

ਤਰਨਜੀਤ ਸਿੰਘ ਨੇ ਇਸ ਮੁਲਾਕਾਤ ਦੀਆਂ ਤਸਵੀਰਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸ਼ੇਅਰ ਕੀਤੀਆਂ ਹਨ। ਇਸ ਪੋਸਟ ਦੇ ਨਾਲ ਉਨ੍ਹਾਂ ਲਿਖਿਆ ਕਿ ਸਮੁੰਦਰੀ ਹਾਊਸ ਵਿਖੇ ਡਾ. ਨਵਜੋਤ ਕੌਰ ਸਿੱਧੂ ਨੂੰ ਮਿਲਣਾ ਅਤੇ ਅੰਮ੍ਰਿਤਸਰ ਨਾਲ ਸਬੰਧਤ ਵਿਕਾਸ ਮੁੱਦਿਆਂ 'ਤੇ ਚਰਚਾ ਕਰਨਾ ਇੱਕ ਸੁਖਦ ਅਨੁਭਵ ਰਿਹਾ।



The Mortgage Centre
We work for *you*, not the lenders.




Debt Consolidation
Renovations & Repairs
Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services


Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

SOLD in *BRAMPTON*
Clarkway/Cottrelle/Hwy 50



2100 sq.ft. ਸੈਮੀ-ਡਿਟੈਚਡ ਹਾਊਸ
4+2 ਬੈਡਰੂਮ + 4 ਵਾਸ਼ਰੂਮ
2 ਬੈਡਰੂਮ ਫਿਨੀਸ਼ਡ ਬੇਸਮੇਂਟ
9 ਫੁੱਟ ਸੀਲਿੰਗ,
Quartz ਕਾਊਂਟਰਟੌਪ, 5-ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary on ਮੇਨ ਫਲੋਰ ਅਤੇ ਬੇਸਮੇਂਟ ਵਿੱਚ।
ਸਹੂਲਤਾਂ ਦੇ ਬਹੁਤ ਨੇੜੇ - ਗਰੋਸਰੀ ਸਟੋਰ, Shoppers, Pizza Pizza..

Listed in *MISSISSAUGA*
Burnhamthorpe/Confederation



900-999 sq.ft. ਲੇਕ ਵੀਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ,
ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ,
ਬਹੁਤ ਖੁੱਲੀ ਬਾਲਕੋਨੀ,
2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ
Square One + Celebration Square, Grand Park Plaza, Sheridan College Campus.

Listed in *BRAMPTON*
Bramalea/Queen St/Hwy 7



1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਮੀਨੇਟ ਅਤੇ ਸਿਰਾਨੀਕ ਫਲੋਰ, No ਕਾਰਪੇਟ।
ਬਹੁਤ ਖੁੱਲੀ ਕੀਚਨ
ਮਾਸਟਰ ਬੈਡਰੂਮ ਵਿੱਚ 2-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ,
Walking distance to Bramalea City Centre & more.

Listed in *BRAMPTON*
Bovaird/ Mclaughlin/Fletchers Creek Blvd



2000 sq.ft. ਸੈਮੀ-ਡਿਟੈਚਡ ਹਾਊਸ
4+1 ਬੈਡਰੂਮ + 4 ਵਾਸ਼ਰੂਮ
1 ਬੈਡਰੂਮ ਫਿਨੀਸ਼ਡ ਬੇਸਮੇਂਟ
with separate entrance.
Double door entry, ਮਾਸਟਰ ਬੈਡਰੂਮ ਵਿੱਚ 5-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੇਂਟ ਵਿੱਚ। Newly ਅਪਗਰੇਡੀਡ।

FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold

RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals

Gurpreet Purba
Broker, CRA
416-669-1423
www.purbahomes.com